## ਅਧਿਆਇ 13

# ਛੁਟਕਾਰੇ ਦੇ ਦਿਨ ਨੂੰ ਚੇਤੇ ਕਰਨਾ ਅਤੇ ਲਾਲ ਸਮੁੰਦਰ ਵੱਲ ਯਾਤਰਾ

ਅਧਿਆਇ 13 ਕੂਚ ਦੀ ਕਹਾਣੀ ਨੂੰ ਅੱਗੇ ਜਾਰੀ ਰੱਖਦਾ ਹੈ, ਪਹਿਲਾਂ ਉਸ ਘਟਨਾ ਦੀ ਯਾਦਗਾਰ ਸੰਬੰਧੀ ਹੋਰ ਹਦਾਇਤਾਂ ਬਾਰੇ ਦੱਸਦਿਆਂ ਅਤੇ ਫਿਰ ਉਜਾੜ ਵਿਚ ਇਸਰਾਏਲ ਦੀ ਯਾਤਰਾ ਦੇ ਅਗਲੇ ਕਦਮ ਸੰਬੰਧੀ ਵੇਰਵੇ ਦਿੰਦਿਆਂ। ਇਸ ਅਧਿਆਇ ਨੂੰ ਉਸ ਅਧਿਆਇ ਦੇ ਰੂਪ ਵਿਚ ਸੋਚਿਆ ਜਾ ਸਕਦਾ ਹੈ ਜਿਹੜਾ ਛੁਟਕਾਰੇ ਦੇ ਨਤੀਜਿਆਂ ਨੂੰ ਪੇਸ਼ ਕਰਦਾ ਹੈ। ਕਿਉਂਕਿ ਇਸਰਾਏਲ ਨੂੰ ਗੁਲਾਮੀ ਵਿੱਚੋਂ ਛੁਡਾ ਲਿਆ ਗਿਆ ਸੀ, ਲੋਕਾਂ ਦੀਆਂ ਕੁਝ ਜ਼ਿੰਮੇਵਾਰੀਆਂ ਸਨ: (1) ਆਪਣੇ ਪਲੋਠਿਆਂ ਨੂੰ ਯਹੋਵਾਹ ਨੂੰ ਦੇਣਾ, (2) ਪਤੀਰੀ ਰੋਟੀ ਦੇ ਪਰਬ ਤੇ ਬੰਦਗੀ ਕਰਨਾ ਅਤੇ (3) ਵਾਅਦੇ ਦੇ ਦੇਸ ਵੱਲ ਨੂੰ ਜਾਣਾ।

ਜਦੋਂ ਇਸਰਾਏਲੀ ਮਿਸਰ ਨੂੰ ਛੱਡ ਕੇ ਜਾ ਰਹੇ ਸਨ ਤਾਂ ਯਹੋਵਾਹ ਨੇ ਇਹ ਕਹਿੰਦੇ ਹੋਏ ਮੂਸਾ ਨਾਲ ਗੱਲ ਕੀਤੀ ਕਿ ਇਸਰਾਏਲ ਨੇ ਉਸ ਦੇ ਲਈ ਆਦਮੀ ਅਤੇ ਡੰਗਰਾਂ ਦੋਵਾਂ ਦੇ ਪਲੋਠਿਆਂ ਨੂੰ ਵੱਖ ਕਰਨਾ ਸੀ ਅਤੇ ਉਨ੍ਹਾਂ ਦੇ ਛੁਟਕਾਰੇ ਦੇ ਦਿਨ ਨੂੰ ਚੇਤੇ ਕਰਨਾ ਸੀ (13:1, 2)। ਫਿਰ ਮੂਸਾ ਨੇ ਲੋਕਾਂ ਨੂੰ ਪਸਾਹ ਨੂੰ ਮਨਾਉਣ ਬਾਰੇ ਦੱਸਣ ਦੇ ਲਈ ਲੋਕਾਂ ਨਾਲ ਗੱਲ ਕੀਤੀ (13:3)। ਉਸ ਨੇ ਪਤੀਰੀ ਰੋਟੀ ਦਾ ਪਰਬ ਮਨਾਉਣ ਸੰਬੰਧੀ ਹੋਰ ਹਦਾਇਤਾਂ ਦਿੱਤੀਆਂ, ਜਿਸ ਵਿਚ ਪਰਬ ਦੇ ਮੌਕੇ ਨੂੰ ਇਸਰਾਏਲ ਦੇ ਬੱਚਿਆਂ ਨੂੰ ਪਰਮੇਸ਼ੁਰ ਦੁਆਰਾ ਇਸਰਾਏਲ ਨੂੰ ਛੁਟਕਾਰਾ ਦੇਣ ਬਾਰੇ ਵਰਤਣ ਦਾ ਹੁਕਮ ਵੀ ਸ਼ਾਮਲ ਹੈ (13:4-10)। ਫਿਰ ਪਰਮੇਸ਼ੁਰ ਨੇ, ਮੂਸਾ ਦੇ ਰਾਹੀਂ, ਇਸਰਾਏਲ ਦੇ ਪਲੋਠਿਆਂ ਦੇ ਅਰਪਣ ਸੰਬੰਧੀ ਹੋਰ ਖਾਸ ਹਦਾਇਤਾਂ ਦਿੱਤੀਆਂ ਜਿਵੇਂ ਕਿ ਕੀ ਦਿੱਤਾ ਜਾਣਾ ਸੀ, ਇਹ ਕਿਵੇਂ ਦਿੱਤਾ ਜਾਣਾ ਸੀ ਅਤੇ ਇਹ ਕਿਉਂ ਦਿੱਤਾ ਜਾਣਾ ਸੀ। ਫੇਰ, ਇਹ ਇਸਰਾਏਲੀ ਬੱਚਿਆਂ ਨੂੰ ਉਨ੍ਹਾਂ ਦੇ ਛੁਟਕਾਰੇ ਦੇ ਇਤਹਾਸ ਬਾਰੇ ਸਿੱਖਿਆ ਦੇਣ ਦਾ ਇਕ ਮੌਕਾ ਹੋਣਾ ਸੀ (13:11-16)।

ਇਹ ਵਿਰਤਾਂਤ ਇਹ ਦੱਸਣ ਦੁਆਰਾ ਅੱਗੇ ਜਾਰੀ ਰਹਿੰਦਾ ਹੈ ਕਿ ਇਸਰਾਏਲ ਦੀ ਪਰਜਾ ਨੇ ਮਿਸਰ ਦੇਸ ਵਿੱਚੋਂ ਨਿੱਕਲ ਕੇ ਕਿਹੜਾ ਰਸਤਾ ਅਪਨਾਇਆ ("ਲਾਲ ਸਮੁੰਦਰ ਵੱਲ ਨੂੰ ਜਾਣ ਦੇ ਲਈ ਉਜਾੜ ਦਾ ਰਸਤਾ"), ਉਹ ਆਪਣੇ ਨਾਲ ਕੀ ਲੈ ਕੇ ਗਏ ("ਯੂਸੁਫ਼ ਦੀਆਂ ਹੱਡੀਆਂ"), ਉਹ ਕਿੱਥੇ ਗਏ (ਸੁੱਕੋਥ ਤੋਂ ਏਥਾਮ ਨੂੰ) ਅਤੇ ਕਿਵੇਂ ਉਨ੍ਹਾਂ ਦੀ ਅਗਵਾਈ ਹੋਈ ("ਦਿਨ ਨੂੰ ਬੱਦਲ ਦੇ ਥੰਮ੍ਹ" ਅਤੇ "ਰਾਤ ਨੂੰ ਅੱਗ ਦੇ ਥੰਮ੍ਹ" ਦੁਆਰਾ) (13:17-22)।

## ਛੁਟਕਾਰੇ ਦੇ ਦਿਨ ਨੂੰ ਚੇਤੇ ਕਰਨਾ (13:1-16)

### ਪਲੋਠਿਆਂ ਨੂੰ ਅਰਪਣ ਕਰਨਾ (13:1, 2)

**[1]ਯਹੋਵਾਹ ਮੂਸਾ ਨਾਲ ਬੋਲਿਆ ਕਿ [2]ਸਾਰੇ ਪਲੋਠੇ ਜਿਹੜੇ ਇਸਰਾਏਲੀਆਂ ਵਿੱਚ ਕੁੱਖ ਨੂੰ**

**ਖੋਲ੍ਹਦੇ ਹਨ ਮੇਰੇ ਲਈ ਪਵਿੱਤ੍ਰ ਹੋਣ ਭਾਵੇਂ ਆਦਮੀ ਦੇ ਭਾਵੇਂ ਡੰਗਰ ਦੇ ਓਹ ਮੇਰੇ ਹਨ।**

**ਆਇਤਾਂ 1, 2.** ਜਾਂ ਤਾਂ ਉਨ੍ਹਾਂ ਦੇ ਸੁੱਕੋਥ ਵੱਲ ਨੂੰ ਜਾਣ ਤੋਂ ਬਾਅਦ (12:37)[1] ਜਾਂ ਜਦੋਂ ਉਹ ਗੋਸ਼ਨ ਤੋਂ ਜਾਣ ਦੀ ਤਿਆਰੀ ਕਰ ਰਹੇ ਸਨ, **ਯਹੋਵਾਹ** ਨੇ **ਮੂਸਾ** ਨੂੰ ਇਸਰਾਏਲ ਦੇ **ਪਲੋਠਿਆਂ** ਸੰਬੰਧੀ ਹਦਾਇਤਾਂ ਦਿੱਤੀਆਂ। "ਪਲੋਠਿਆਂ" ਨੂੰ ਉਨ੍ਹਾਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ **ਜਿਹੜੇ ਕੁੱਖ ਨੂੰ ਖੋਲ੍ਹਦੇ ਹਨ** (פֶּטֶר כׇּל־רֶחֶם, *ਪੀਟਰ ਕੋਲ ਰੀਚੇਮ)*। ਇਸ ਵਾਕ ਦਾ ਸ਼ਾਬਦਿਕ ਤੌਰ ਤੇ ਇਸ ਤਰ੍ਹਾਂ ਅਨੁਵਾਦ ਕੀਤਾ ਜਾ ਸਕਦਾ ਹੈ "ਉਹ ਜਿਹੜਾ ਪਹਿਲਾਂ ਹਰ ਕੁੱਖ ਨੂੰ ਖੋਲ੍ਹਦਾ ਹੈ" (ਵੇਖੋ KJV; NKJV)। ਆਇਤ 15 ਅੱਗੇ ਪਲੋਠਿਆਂ ਦਾ "ਨਰਾਂ" ਦੇ ਰੂਪ ਵਿਚ ਵਰਣਨ ਕਰਦੀ ਹੈ। ਇਸਰਾਏਲੀਆਂ ਨੇ ਆਪਣੇ ਪਲੋਠਿਆਂ ਨੂੰ ਯਹੋਵਾਹ ਦੇ ਲਈ **ਪਵਿੱਤ੍ਰ** ਕਰਨਾ ਸੀ। "ਪਵਿੱਤਰ ਕਰਨਾ" (קָדַשׁ, *ਕਾਦੇਸ਼*) ਦਾ ਅਰਥ ਹੈ "ਵੱਖਰਾ ਕਰਨਾ" ਜਾਂ "ਪਵਿੱਤਰ ਬਣਾਉਣਾ।" ਪਲੋਠਿਆਂ ਨੂੰ ਵੱਖਰਾ ਕਰਨ ਦੇ ਪਿੱਛੇ ਤਰਕ ਇਹ ਸੀ ਕਿ ਕਿਉਂਕਿ ਪਰਮੇਸ਼ੁਰ ਨੇ ਇਸਰਾਏਲ ਦੇ ਪਲੋਠੇ ਬੱਚਿਆਂ ਅਤੇ ਡੰਗਰਾਂ ਨੂੰ ਬਚਾਇਆ ਸੀ, ਇਸ ਲਈ ਉਹ ਪਰਮੇਸ਼ੁਰ ਦੇ ਸਨ (13:15; ਗਿਣਤੀ 3:13; 8:17, 18)।

ਸੰਭਵ ਤੌਰ ਤੇ, 1 ਅਤੇ 2 ਆਇਤਾਂ ਵਿਚ ਮੂਸਾ ਨੂੰ ਪਰਮੇਸ਼ੁਰ ਦੇ ਪਰਕਾਸ਼ ਦੀ ਰਿਪੋਰਟ ਇਕ ਸੰਖੇਪ ਜਾਣਕਾਰੀ ਹੈ: ਲਿਖਤ ਆਖਦੀ ਹੈ ਕਿ ਪਰਮੇਸ਼ੁਰ ਨੇ ਮੂਸਾ ਨਾਲ ਪਲੋਠਿਆਂ ਦੇ ਅਰਪਣ ਸੰਬੰਧੀ ਗੱਲ ਕੀਤੀ ਸੀ। ਫਿਰ, ਅਗਲੇ ਭਾਗਾਂ ਵਿਚ, ਮੂਸਾ ਨੇ ਲੋਕਾਂ ਨੂੰ ਇਹ ਦੱਸਿਆ ਕਿ ਉਨ੍ਹਾਂ ਨੇ ਪਰਬ ਕਿਵੇਂ ਮਨਾਉਣਾ ਹੈ (13:3-10) ਅਤੇ ਕਿਵੇਂ ਪਲੋਠਿਆਂ ਨੂੰ "ਅਰਪਣ ਕਰਨਾ" ਜਾਂ "ਸੌਂਪਣਾ" (NIV) ਹੈ (13:11-16)।

## ਮੂਸਾ ਦੇ ਬੋਲ (13:3-16)

**3ਤਾਂ ਮੂਸਾ ਨੇ ਪਰਜਾ ਨੂੰ ਆਖਿਆ, ਤੁਸੀਂ ਏਹ ਦਿਨ ਚੇਤੇ ਰੱਖੋ ਜਿਸ ਵਿੱਚ ਤੁਸੀਂ ਮਿਸਰ ਤੋਂ
ਗੁਲਾਮੀ ਦੇ ਘਰ ਤੋਂ ਬਾਹਰ ਆਏ ਕਿਉਂ ਕਿ ਯਹੋਵਾਹ ਤੁਹਾਨੂੰ ਹੱਥ ਦੇ ਬਲ ਨਾਲ ਉੱਥੋਂ ਕੱਢ
ਲਿਆਇਆ। ਖ਼ਮੀਰੀ ਰੋਟੀ ਨਾ ਖਾਧੀ ਜਾਵੇ। 4ਤੁਸੀਂ ਅਬੀਬ ਦੇ ਮਹੀਨੇ ਅੱਜ ਦੇ ਦਿਨ ਬਾਹਰ
ਨਿੱਕਲ ਆਏ ਹੋ। 5ਅਤੇ ਐਉਂ ਹੋਵੇਗਾ ਕਿ ਜਦ ਯਹੋਵਾਹ ਤੁਹਾਨੂੰ ਕਨਾਨੀਆਂ ਹਿੱਤੀਆਂ ਅਮੋਰੀਆਂ
ਹਿੱਵੀਆਂ ਅਰ ਯਬੂਸੀਆਂ ਦੇ ਦੇਸ ਵਿੱਚ ਜੇਹੜਾ ਤੁਹਾਡੇ ਪਿਉ ਦਾਦਿਆਂ ਨਾਲ ਸੌਂਹ ਖਾਕੇ ਤੁਹਾਨੂੰ
ਦੇਣ ਲਈ ਆਇਆ ਸੀ ਅਤੇ ਜਿਹਦੇ ਵਿੱਚ ਦੁੱਧ ਅਤੇ ਸ਼ਹਿਤ ਵਗਦਾ ਹੈ ਲਿਆਵੇਗਾ ਤਾਂ ਤੁਸੀਂ ਏਸ
ਮਹੀਨੇ ਵਿੱਚ ਏਹ ਉਪਾਸਨਾ ਕਰਿਓ। 6ਸੱਤਾਂ ਦਿਨਾਂ ਤੀਕ ਪਤੀਰੀ ਰੋਟੀ ਖਾਣੀ ਅਤੇ ਸੱਤਵੇਂ ਦਿਨ
ਯਹੋਵਾਹ ਦਾ ਪਰਬ ਹੈ। 7ਪਤੀਰੀ ਰੋਟੀ ਸੱਤਾਂ ਦਿਨਾਂ ਤੀਕ ਖਾਧੀ ਜਾਵੇ ਅਤੇ ਕੋਈ ਖ਼ਮੀਰ ਤੁਹਾਡੇ
ਕੋਲ ਨਾ ਵੇਖਿਆ ਜਾਵੇ ਨਾ ਖ਼ਮੀਰ ਤੁਹਾਡੀਆਂ ਸਾਰੀਆਂ ਹੱਦਾਂ ਵਿੱਚ ਵੇਖਿਆ ਜਾਵੇ। 8ਤੁਸੀਂ ਉਸ
ਦਿਨ ਆਪਣੇ ਪੁੱਤ੍ਰਾਂ ਨੂੰ ਏਹ ਦੱਸੋ ਭਈ ਕਾਰਨ ਏਹ ਹੈ ਕਿ ਯਹੋਵਾਹ ਨੇ ਸਾਨੂੰ ਮਿਸਰ ਤੋਂ ਕੱਢਿਆ।
9ਏਹ ਤੁਹਾਡੇ ਹੱਥਾਂ ਉੱਤੇ ਨਿਸ਼ਾਨ ਅਤੇ ਤੁਹਾਡੇ ਨੇਤ੍ਰਾਂ ਦੇ ਵਿੱਚ ਯਾਦਗਾਰੀ ਲਈ ਹੋਵੇਗਾ ਤਾਂ ਜੋ
ਯਹੋਵਾਹ ਦੀ ਬਿਵਸਥਾ ਤੁਹਾਡੇ ਮੂੰਹ ਵਿੱਚ ਰਹੇ ਕਿਉਂ ਕਿ ਯਹੋਵਾਹ ਨੇ ਤਕੜੇ ਹੱਥ ਨਾਲ ਤੁਹਾਨੂੰ
ਮਿਸਰੋਂ ਕੱਢਿਆ। 10ਤੁਸੀਂ ਏਸ ਬਿਧੀ ਨੂੰ ਠਹਿਰਾਏ ਹੋਏ ਸਮੇਂ ਉੱਤੇ ਵਰਹੇ ਦੇ ਵਰਹੇ ਮਨਾਇਆ
ਕਰੋ। 11ਤਾਂ ਐਉਂ ਹੋਵੇਗਾ ਕਿ ਜਦ ਯਹੋਵਾਹ ਤੁਹਾਨੂੰ ਕਨਾਨ ਦੇਸ ਵਿੱਚ ਲਿਆਵੇ ਜਿਵੇਂ ਉਸ ਨੇ
ਤੁਹਾਡੇ ਨਾਲ ਅਤੇ ਤੁਹਾਡੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਹੈ ਅਤੇ ਉਹ ਤੁਹਾਨੂੰ ਇਹ ਦੇਵੇ। 12ਤਾਂ
ਹਰ ਇੱਕ ਕੁੱਖ ਦਾ ਖੋਲ੍ਹਣ ਵਾਲਾ ਯਹੋਵਾਹ ਲਈ ਵੱਖਰਾ ਰੱਖੇ ਨਾਲੇ ਡੰਗਰਾਂ ਵਿੱਚੋਂ ਹਰ ਪਲੋਠਾ
ਬੱਚਾ ਜਿਹੜਾ ਤੁਹਾਡਾ ਹੋਵੇ। ਨਰ ਯਹੋਵਾਹ ਦੇ ਹੋਣਗੇ। 13ਹਰ ਖੋਤੇ ਦੇ ਪਲੋਠੇ ਨੂੰ ਲੇਲੇ ਨਾਲ ਛੁਡਾ
ਲਵੋ ਪਰ ਜੇਕਰ ਨਾ ਛੁਡਾਉਣਾ ਹੋਵੇ ਤਾਂ ਉਸ ਦੀ ਧੌਣ ਤੋੜ ਸੁੱਟੋ ਅਰ ਆਪਣੇ ਪੁੱਤ੍ਰਾਂ ਵਿੱਚੋਂ ਆਦਮੀ**

**ਦੇ ਹਰ ਪਲੋਠੇ ਨੂੰ ਛੁਡਾ ਲਵੋ। [14]ਐਉਂ ਹੋਵੇਗਾ ਕਿ ਜਦ ਅੱਗੇ ਨੂੰ ਤੁਹਾਡੇ ਪੁੱਤ੍ਰ ਤੁਹਾਥੋਂ ਪੁੱਛਣ ਕਿ ਏਹ ਕੀ ਹੈ? ਤਾਂ ਤੁਸੀਂ ਉਨ੍ਹਾਂ ਨੂੰ ਆਖੋ ਕਿ 'ਯਹੋਵਾਹ ਨੇ ਸਾਨੂੰ ਮਿਸਰ ਤੋਂ ਗੁਲਾਮੀ ਦੇ ਘਰ ਤੋਂ ਹੱਥ ਦੇ ਬਲ ਨਾਲ ਕੱਢਿਆ ਸੀ। [15]ਫੇਰ ਐਉਂ ਹੋਇਆ ਕਿ ਜਾਂ ਫ਼ਿਰਊਨ ਨੇ ਸਾਡਾ ਬਾਹਰ ਜਾਣਾ ਔਖਾ ਕਰ ਦਿੱਤਾ ਤਾਂ ਯਹੋਵਾਹ ਨੇ ਮਿਸਰ ਦੇਸ ਦੇ ਸਾਰੇ ਪਲੋਠਿਆਂ ਨੂੰ ਮਾਰ ਸੁੱਟਿਆ ਆਦਮੀ ਦੇ ਪਲੋਠੇ ਤੋਂ ਲੈਕੇ ਡੰਗਰ ਦੇ ਪਲੋਠੇ ਤੀਕ। ਏਸ ਲਈ ਅਸੀਂ ਯਹੋਵਾਹ ਨੂੰ ਨਰਾਂ ਵਿੱਚੋਂ ਹਰ ਇੱਕ ਕੁੱਖ ਦਾ ਖੋਲ੍ਹਣ ਵਾਲਾ ਬਲੀ ਦਿੰਦੇ ਹਾਂ ਅਰ ਆਪਣੇ ਪੁੱਤ੍ਰਾਂ ਵਿੱਚੋਂ ਹਰ ਪਲੋਠੇ ਨੂੰ ਛੁਡਾ ਲੈਂਦੇ ਹਾਂ। [16]ਏਹ ਤੁਹਾਡੇ ਹੱਥਾਂ ਵਿੱਚ ਇੱਕ ਨਿਸ਼ਾਨ ਅਤੇ ਤੁਹਾਡਿਆਂ ਨੇਤ੍ਰਾਂ ਦੇ ਵਿਚਕਾਰ ਇੱਕ ਤਵੀਤ ਜਿਹਾ ਹੋਵੇਗਾ ਕਿਉਂ ਕਿ ਯਹੋਵਾਹ ਸਾਨੂੰ ਹੱਥ ਦੇ ਬਲ ਨਾਲ ਮਿਸਰ ਤੋਂ ਕੱਢ ਲਿਆਇਆ।**

**ਆਇਤ 3.** ਬੀਤੇ ਸਮੇਂ ਵਿਚ, ਯਹੋਵਾਹ ਨੇ ਮੂਸਾ ਨਾਲ ਗੱਲ ਕੀਤੀ ਸੀ (12:1) ਅਤੇ ਮੂਸਾ ਨੇ ਬਜ਼ੁਰਗਾਂ ਨਾਲ ਗੱਲ ਕੀਤੀ ਸੀ (12:21), ਜਿਨ੍ਹਾਂ ਨੇ ਬਦਲੇ ਵਿਚ ਮੂਸਾ ਦੀਆਂ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਇਆ ਸੀ (12:28)। ਅਧਿਆਇ 13 ਵਿਚ, **ਮੂਸਾ** ਨੇ ਪਰਤੱਖ ਰੂਪ ਵਿਚ ਸਿੱਧਾ **ਪਰਜਾ** ਨਾਲ ਗੱਲ ਕੀਤੀ ਸੀ। ਉਸ ਦੇ ਬੋਲ ਦਾ ਜ਼ੋਰ ਇਸ ਜਰੂਰਤ ਤੇ ਸੀ ਕਿ ਲੋਕ ਨਿਰੰਤਰ ਉਹ ਚੇਤੇ ਰੱਖਣ ਜੋ ਉਸ ਸਮੇਂ ਹੋਇਆ ਸੀ ਜਦੋਂ **ਯਹੋਵਾਹ** ਉਨ੍ਹਾਂ ਨੂੰ **ਹੱਥ ਦੇ ਬਲ ਨਾਲ** ਮਿਸਰ ਵਿੱਚੋਂ ਕੱਢ ਕੇ ਲਿਆਇਆ ਸੀ। ਉਨ੍ਹਾਂ ਨੇ ਉਸ ਘਟਨਾ ਨੂੰ ਪਤੀਰੀ ਰੋਟੀ ਦਾ ਪਰਬ ਮਨਾ ਕੇ ਚੇਤੇ ਰੱਖਣਾ ਸੀ।

**ਆਇਤ 4.** ਇਹ ਭਾਗ ਮੂਸਾ ਦੁਆਰਾ ਲੋਕਾਂ ਨੂੰ ਇਹ ਦੱਸਣ ਦੁਆਰਾ ਸ਼ੁਰੂ ਹੁੰਦਾ ਹੈ, **"... ਅੱਜ ਦੇ ਦਿਨ ਬਾਹਰ ਨਿੱਕਲ ਆਏ ਹੋ,"** ਅਤੇ ਇਹ ਉਸ ਦੀ ਇਸ ਵਿਆਖਿਆ ਨਾਲ ਖਤਮ ਹੁੰਦਾ ਹੈ ਕਿ ਇਹ ਯਾਦਗਾਰੀ ਪਰਬ ਉਸੇ ਸਮੇਂ ਦੌਰਾਨ ਹਰ ਸਾਲ ਮਨਾਇਆ ਜਾਣਾ ਸੀ (13:10)। ਉਨ੍ਹਾਂ ਨੇ **ਅਬੀਬ ਦੇ ਮਹੀਨੇ ਵਿਚ** ਉਨ੍ਹਾਂ ਦੇ ਛੁਟਕਾਰੇ ਨੂੰ ਚੇਤੇ ਰੱਖਣਾ ਸੀ ਜਦੋਂ ਇਹ ਘਟਨਾ ਪਹਿਲੀ ਵਾਰ ਵਾਪਰੀ ਸੀ। "ਅਬੀਬ ਦਾ ਮਹੀਨਾ" 12:2 ਵਿਚ "ਮਹੀਨਿਆਂ ਦੇ ਅਰੰਭ" ਨਾਲ ਮਿਲਦਾ ਹੈ। ਇਬਰਾਨੀ ਸ਼ਬਦ אָבִיב *(ਅਬੀਬ)* "ਤਾਜ਼ਾ, ਜਵਾਨ ਕੰਨਾਂ"[2] ਦਾ ਹਵਾਲਾ ਦਿੰਦਾ ਹੈ (9:31; ਲੇਵੀਆਂ 2:14); ਇਸ ਮਹੀਨੇ ਦੌਰਾਨ ਜੌਂ ਪੱਕ ਜਾਂਦੇ ਸਨ ਅਤੇ ਵਾਢੀ ਸ਼ੁਰੂ ਹੋ ਜਾਂਦੀ ਸੀ। "ਅਬੀਬ" ਪਹਿਲੇ ਮਹੀਨੇ ਦੇ ਲਈ ਪੁਰਾਣਾ ਨਾਮ ਸੀ ਅਤੇ ਨਵਾਂ ਨਾਮ "ਨਿਸਾਨ" ਸੀ। "ਨਿਸਾਨ" ਨਾਂ ਸਪੱਸ਼ਟ ਰੂਪ ਵਿਚ ਬਾਬਲ ਦੇ ਕਲੰਡਰ ਵਿੱਚੋਂ ਲਿਆ ਗਿਆ ਸੀ, ਜਿਵੇਂ ਕਿ ਹੋਰ ਇਬਰਾਨੀ ਮਹੀਨਿਆਂ ਦੇ ਨਾਵਾਂ ਬਾਰੇ ਸੱਚ ਹੈ। ਇਹ ਸਿਰਫ ਪੁਰਾਣੇ ਨੇਮ ਦੀਆਂ ਉਨ੍ਹਾਂ ਪੁਸਤਕਾਂ ਵਿਚ ਆਉਂਦਾ ਹੈ ਜੋ ਬਾਬਲ ਦੀ ਅਸੀਰੀ ਤੋਂ ਬਾਅਦ ਲਿਖੀਆਂ ਗਈਆਂ ਸਨ (ਨਹਮਯਾਹ 2:1; ਅਸਤਰ 3:7)।

**ਆਇਤ 5.** ਇਸਰਾਏਲੀਆਂ ਨੇ ਉਸ **ਦੇਸ** ਵਿਚ ਉਨ੍ਹਾਂ ਦੇ ਛੁਟਕਾਰੇ ਨੂੰ ਚੇਤੇ ਰੱਖਣਾ ਸੀ ਜਿਸ ਵਿਚ ਉਹ ਜਾ ਰਹੇ ਸਨ। ਇਸ ਦੇਸ ਉੱਤੇ ਘੱਟੋ-ਘੱਟ ਪੰਜ ਵੱਖ-ਵੱਖ ਦੇਸਾਂ ਦਾ ਕਬਜ਼ਾ ਸੀ: **ਕਨਾਨੀਆਂ ਹਿੱਤੀਆਂ ਅਮੋਰੀਆਂ ਹਿੱਵੀਆਂ ਅਰ ਯਬੂਸੀਆਂ** (3:8 ਤੇ ਟਿੱਪਣੀਆਂ ਵੇਖੋ)। ਇਹ ਤੱਥ ਕਿ ਇਹ ਦੇਸ ਵੱਸਿਆ ਹੋਇਆ ਸੀ ਇਹ ਸੁਝਾਅ ਦਿੰਦਾ ਸੀ ਕਿ ਇਹ ਅਸਾਨੀ ਨਾਲ ਇਸਰਾਏਲ ਦੇ ਹੱਥਾਂ ਵਿਚ ਨਹੀਂ ਆਵੇਗਾ। ਇਸ ਦੇ ਨਾਲ-ਨਾਲ, ਇਹ ਤੱਥ ਕਿ ਇਹ ਉਸ ਦੇਸ ਦੀ ਜਿਸ ਦੇ ਵਿਚ **ਦੁੱਧ ਅਤੇ ਸ਼ਹਿਤ ਵਗਦਾ ਹੈ** ਇਹ ਸੰਕੇਤ ਦਿੰਦਾ ਸੀ ਕਿ ਇਹ ਦੇਸ ਉਪਜਾਊ ਅਤੇ ਖੁਸ਼ਹਾਲ ਸੀ ਅਤੇ ਇਸ ਦੇਸ ਨੂੰ ਆਪਣੇ ਹੱਕ ਵਿਚ ਕਰਨ ਦੀ ਕੋਸ਼ਿਸ਼ ਬੇਕਾਰ ਨਹੀਂ ਸੀ ਜਾਣੀ (3:7, 8 ਤੇ ਟਿੱਪਣੀਆਂ ਵੇਖੋ)। ਪਰਮੇਸ਼ੁਰ ਨੇ ਇਸਰਾਏਲੀਆਂ ਦੇ **ਪਿਉ ਦਾਦਿਆਂ** (ਅਬਰਾਹਾਮ, ਇਸਹਾਕ ਅਤੇ ਯਾਕੂਬ) ਨਾਲ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਦੀ ਅੰਸ (ਇਸਰਾਏਲੀਆਂ) ਨੂੰ ਇਹ ਦੇਸ ਦੇਵੇਗਾ।

**ਆਇਤ 6.** ਪਰਜਾ ਨੇ ਉਸ ਮਹਾਨ ਘਟਨਾ ਨੂੰ ਚੇਤੇ ਰੱਖਣਾ ਸੀ ਜਿਸ ਦਾ ਹੁਣ ਉਹ ਪਤੀਰੀ ਰੋਟੀ ਦੇ ਪਰਬ ਨੂੰ ਮਨਾਉਣ ਦੁਆਰਾ ਅਨੁਭਵ ਕਰ ਰਹੇ ਸਨ। **ਸੱਤਾਂ ਦਿਨਾਂ ਤੀਕ** ਉਨ੍ਹਾਂ ਨੇ **ਪਤੀਰੀ ਰੋਟੀ ਖਾਣੀ** ਸੀ (ਵੇਖੋ 12:15)। **ਸੱਤਵੇਂ ਦਿਨ** ਉਨ੍ਹਾਂ ਨੇ **ਯਹੋਵਾਹ ਦਾ ਪਰਬ** ਮਨਾਉਣਾ ਸੀ।

ਪਿਛਲੀਆਂ ਹਦਾਇਤਾਂ ਵਿਚ, "ਪਵਿੱਤ੍ਰ ਸਭਾ" ਦਾ ਜ਼ਿਕਰ "ਪਹਿਲੇ ਦਿਨ" ਅਤੇ "ਸੱਤਵੇਂ ਦਿਨ" ਦੋਹਾਂ ਤੇ ਕੀਤਾ ਗਿਆ ਸੀ (12:16)।

**ਆਇਤ 7. ਸੱਤਾਂ ਦਿਨਾਂ ਤੀਕ ਪਤੀਰੀ ਰੋਟੀ** ਖਾਣ ਤੋਂ ਇਲਾਵਾ, ਇਸਰਾਏਲੀਆਂ ਵਿਚ **ਕੋਈ ਖ਼ਮੀਰ** ਨਹੀਂ ਸੀ ਮਿਲਣਾ ਚਾਹੀਦਾ। ਪਹਿਲਾਂ ਉਨ੍ਹਾਂ ਨੂੰ ਆਪਣੇ ਘਰਾਂ ਵਿੱਚੋਂ ਖ਼ਮੀਰ ਨੂੰ ਬਾਹਰ ਕੱਢਣ ਦੇ ਲਈ ਆਖਿਆ ਗਿਆ ਸੀ; ਪਰ ਜੇਕਰ ਕੋਈ ਪ੍ਰਾਣੀ ਆਪਣੇ ਘਰ ਵਿੱਚੋਂ ਖ਼ਮੀਰ ਨੂੰ ਬਾਹਰ ਨਹੀਂ ਕੱਢੇਗਾ ਤਾਂ ਉਸ ਨੂੰ "ਇਸਰਾਏਲ ਵਿੱਚੋਂ ਛੇਕਿਆ ਜਾਵੇਗਾ" (12:15)। ਕਨਾਨ ਵਿਚ ਟਿਕਣ ਤੋਂ ਬਾਅਦ, ਉਨ੍ਹਾਂ ਦੀਆਂ **ਸਾਰੀਆਂ ਹੱਦਾਂ ਵਿੱਚ** ਵੀ ਕੋਈ ਖ਼ਮੀਰ ਨਹੀਂ ਸੀ ਮਿਲਣਾ ਚਾਹੀਦਾ।

**ਆਇਤ 8.** ਜਿਵੇਂ ਕਿ ਪਸਾਹ ਦੇ ਮਾਮਲੇ ਵਿਚ ਹੈ (12:26, 27), ਪਤੀਰੀ ਰੋਟੀ ਦੇ ਪਰਬ ਨੇ ਸਿੱਖਿਆ ਦੇ ਔਜਾਰ ਦੇ ਰੂਪ ਵਿਚ ਕੰਮ ਕਰਨਾ ਸੀ। ਇਕ ਪਿਤਾ ਆਪਣੇ **ਪੁੱਤ੍ਰ** ਨੂੰ ਕਹੇਗਾ: **ਕਾਰਨ ਏਹ ਹੈ ਕਿ ਯਹੋਵਾਹ ਨੇ ਸਾਨੂੰ ਮਿਸਰ ਤੋਂ ਕੱਢਿਆ।**

**ਆਇਤ 9.** ਪਰਬ ਸਾਰੇ ਇਸਰਾਏਲ ਨੂੰ **ਯਹੋਵਾਹ ਦੀ ਬਿਵਸਥਾ** ਨੂੰ ਜਾਣਨ ਅਤੇ ਸਿੱਖਿਆ ਦੇਣ ਦਾ ਮੌਕਾ ਪ੍ਰਦਾਨ ਕਰੇਗਾ; ਇਹ ਉਸ ਦਾ ਪ੍ਰਤੀਕ ਹੋਵੇਗਾ ਅਤੇ ਲੋਕਾਂ ਨੂੰ ਉਹ ਚੇਤੇ ਕਰਾਵੇਗਾ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀਤਾ ਸੀ। ਆਇਤ 9 ਵਿਚ **ਤੁਹਾਡੇ ਹੱਥਾਂ ਉੱਤੇ ਨਿਸ਼ਾਨ** ਅਤੇ **ਤੁਹਾਡੇ ਨੇਤ੍ਰਾਂ ਦੇ ਵਿੱਚ ਯਾਦਗਾਰੀ** ਵਾਕ ਆਇਤ 16 ਵਿਚ "ਤੁਹਾਡੇ ਹੱਥਾਂ ਵਿੱਚ ਇੱਕ ਨਿਸ਼ਾਨ" ਅਤੇ "ਤੁਹਾਡੇ ਨੇਤ੍ਰਾਂ ਦੇ ਵਿਚਕਾਰ ਇੱਕ ਤਵੀਤ" ਦੇ ਸਮਾਨਾਂਤਰ ਹਨ (ਵੇਖੋ ਬਿਵਸਥਾ ਸਾਰ 6:8; 11:18)। ਬਾਬਲ ਦੀ ਅਸੀਰੀ ਤੋਂ ਪਰਤਣ ਦੇ ਸਮੇਂ ਤੋਂ ਲੈ ਕੇ ਯਿਸੂ ਦੇ ਦਿਨਾਂ ਤੀਕ (ਮੱਤੀ 23:5) ਅਤੇ ਸਗੋਂ ਅੱਜ ਦੇ ਸਮਿਆਂ ਵਿਚ ਵੀ, ਯਹੂਦੀ ਲੋਕਾਂ ਨੇ ਇਨ੍ਹਾਂ ਸ਼ਬਦਾਂ ਦੀ ਸ਼ਾਬਦਿਕ ਤੌਰ ਤੇ ਵਿਆਖਿਆ ਕੀਤੀ ਹੈ ਅਤੇ ਉਹ ਆਪਣੇ ਨੇਤ੍ਰਾਂ ਦੇ ਵਿਚਕਾਰ ਅਤੇ ਖੱਬੀਆਂ ਬਾਹਾਂ ਤੇ ਤਵੀਤ ਪਹਿਨਦੇ ਹਨ ਜੋ ਕਿ ਇਕ ਛੋਟਾ ਜਿਹਾ ਬਕਸਾ ਹੁੰਦਾ ਹੈ ਜਿਸ ਦੇ ਵਿਚ ਕੁਝ ਵਚਨ ਲਿਖੇ ਹੁੰਦੇ ਹਨ (ਕੂਚ 13:1-10, 11-16; ਬਿਵਸਥਾ ਸਾਰ 6:4-9; 11:13-21)।[3] ਪਰ, ਸ਼ਾਇਦ ਇਨ੍ਹਾਂ ਸ਼ਬਦਾਂ ਨੂੰ ਅਲੰਕਾਰਕ ਰੂਪ ਵਿਚ ਲਿਆ ਜਾਣਾ ਸੀ।[4] ਜੇਕਰ ਇਸ ਤਰ੍ਹਾਂ ਹੈ, ਤਾਂ ਉਨ੍ਹਾਂ ਦਾ ਅਰਥ ਕੁਝ ਇਸ ਤਰ੍ਹਾਂ ਸੀ: "ਇਨ੍ਹਾਂ ਗੱਲਾਂ ਨੂੰ ਕੱਸ ਕੇ ਫੜੀ ਰੱਖੋ। ਬਿਵਸਥਾ ਤੁਹਾਡੇ ਰੋਜ਼ਾਨਾ ਦੇ ਜੀਵਨਾਂ ਦਾ ਹਿੱਸਾ ਹੋਵੇ, ਤੁਹਾਡੇ ਕੰਮਾਂ ਅਤੇ ਤੁਹਾਡੇ ਵਿਚਾਰਾਂ ਦੋਹਾਂ ਵਿਚ।"



ਪੱਛਮੀ ਦੀਵਾਰ (ਯਰੂਸ਼ਲਮ) ਵਿਚ ਯਹੂਦੀ ਲੋਕ ਤਵੀਤਾਂ ਨਾਲ

**ਆਇਤ 10.** ਪਤੀਰੀ ਰੋਟੀ ਦਾ ਪਰਬ ਹਰ ਸਾਲ ਮਨਾਇਆ ਜਾਣਾ ਸੀ। **ਵਰਹੇ** ਵਿਚ ਇਕ ਵਾਰ, ਯਾਦਗਾਰੀ ਪਰਬ ਇਸਰਾਏਲੀਆਂ ਨੂੰ ਨਿੱਤ ਉਨ੍ਹਾਂ ਦੇ ਛੁਟਕਾਰੇ ਬਾਰੇ ਚੇਤੇ ਰੱਖਣ ਅਤੇ ਪਰਮੇਸ਼ੁਰ ਦੀ ਬਿਵਸਥਾ ਦੇ ਅਨੁਸਾਰ ਜੀਵਨ ਜੀਉਣ ਦੇ ਲਈ ਉਤਸ਼ਾਹਿਤ ਕਰੇਗਾ।

**ਆਇਤ 11.** ਪਰਬ ਨੂੰ ਮਨਾਉਣ ਤੋਂ ਇਲਾਵਾ, ਇਸਰਾਏਲੀਆਂ ਨੇ ਆਪਣੇ ਪਲੋਠੇ ਨਰਾਂ ਨੂੰ ਯਹੋਵਾਹ ਦੇ ਲਈ ਅਰਪਣ ਕਰਕੇ ਮਿਸਰ ਵਿੱਚੋਂ ਉਨ੍ਹਾਂ ਦੇ ਛੁਟਕਾਰੇ ਨੂੰ ਚੇਤੇ ਕਰਨਾ ਸੀ। ਇਹ ਪਰੰਪਰਾ ਉਦੋਂ ਸ਼ੁਰੂ ਹੋਣੀ ਸੀ ਜਦੋਂ ਉਨ੍ਹਾਂ ਨੂੰ ਕਨਾਨ **ਦੇਸ** ਮਿਲਿਆ ਸੀ ਜਿਸ ਦਾ ਵਾਅਦਾ **ਯਹੋਵਾਹ** ਨੇ ਉਨ੍ਹਾਂ ਦੇ ਪਿਉ ਦਾਦਿਆਂ ਨੂੰ ਦਿੱਤਾ ਸੀ।

**ਆਇਤ 12.** ਡੰਗਰਾਂ ਵਿੱਚੋਂ ਹਰ ਪਲੋਠੇ **ਨਰ** ਨੂੰ ਜੋ "ਸ਼ੁੱਧ" - ਅਰਥਾਤ, ਕੁਰਬਾਨੀ ਲਈ ਉਚਿਤ - ਸੀ ਪਰਮੇਸ਼ੁਰ ਦੇ ਅੱਗੇ ਚੜ੍ਹਾਇਆ ਜਾਣਾ ਸੀ। ਬਿਵਸਥਾ ਵਿਚ ਹੋਰ ਬੰਦ "ਸ਼ੁੱਧ" ਅਤੇ "ਅਸ਼ੁੱਧ" ਡੰਗਰਾਂ ਦੀ ਪਰਿਭਾਸ਼ਾ ਦਿੰਦੇ ਹਨ (ਲੇਵੀਆਂ 11:3-7; ਬਿਵਸਥਾ ਸਾਰ 14:3-8)। ਇਹ ਇਕ ਪ੍ਰਾਚੀਨ ਫ਼ਰਕ ਸੀ, ਕਿਉਂਕਿ ਪਰਲੋ ਦੇ ਸਮੇਂ ਸ਼ੁੱਧ ਡੰਗਰਾਂ ਨੂੰ ਅਸ਼ੁੱਧ ਡੰਗਰਾਂ ਤੋਂ ਵੱਖ ਕੀਤਾ ਗਿਆ ਸੀ (ਉਤਪਤ 7:2, 8)। ਕੂਚ 22:30 ਅੱਗੇ ਇਹ ਸਪੱਸ਼ਟ ਕਰਦੀ ਹੈ ਕਿ ਸ਼ੁੱਧ ਡੰਗਰਾਂ ਦੇ ਪਲੋਠੇ ("ਬਲਦ" ਅਤੇ "ਭੇਡ") ਨੇ ਸੱਤ ਦਿਨਾਂ ਤੀਕ ਆਪਣੀਆਂ ਮਾਵਾਂ ਨਾਲ ਰਹਿਣਾ ਸੀ ਅਤੇ ਫਿਰ ਅਠਵੇਂ ਦਿਨ ਉਸ ਨੂੰ ਯਹੋਵਾਹ ਦੇ ਲਈ ਕੁਰਬਾਨ ਕੀਤਾ ਜਾਣਾ ਸੀ। ਪਲੋਠੇ ਦਾ ਲਹੂ ਜਗਵੇਦੀ ਉੱਤੇ ਛਿੜਕਿਆ ਜਾਵੇਗਾ, ਇਸ ਦੀ ਚਰਬੀ ਨੂੰ ਯਹੋਵਾਹ ਦੀ ਭੇਟ ਲਈ ਸਾੜਿਆ ਜਾਵੇਗਾ ਅਤੇ ਉਨ੍ਹਾਂ ਦਾ ਮਾਸ ਜਾਜਕਾਂ ਦੁਆਰਾ ਖਾਧਾ ਜਾਵੇਗਾ (ਗਿਣਤੀ 18:17, 18)।

**ਆਇਤ 13.** ਜੇਕਰ ਕੋਈ ਡੰਗਰ ਅਸ਼ੁੱਧ ਹੁੰਦਾ ਸੀ ਅਤੇ ਉਸ ਨੂੰ ਕੁਰਬਾਨ ਨਹੀਂ ਸੀ ਕੀਤਾ ਜਾ ਸਕਦਾ, ਜਿਵੇਂ ਕਿ **ਖੋਤਾ**,[5] ਤਾਂ ਇਸ ਨੂੰ **ਲੇਲੇ ਨਾਲ ਛੁਡਾਇਆ ਜਾਣਾ** ਸੀ। ਦੂਜੇ ਸ਼ਬਦਾਂ ਵਿਚ, ਉਸ ਦੀ ਥਾਂ ਤੇ ਇਕ ਲੇਲੇ ਜਾਂ ਇਕ ਬੱਚੇ ਨੂੰ ਕੁਰਬਾਨ ਕੀਤਾ ਜਾਣਾ ਸੀ (12:3, 4 ਤੇ ਟਿੱਪਣੀਆਂ ਵੇਖੋ)। ਇਕ ਬਦਲ ਦੇ ਤੌਰ ਤੇ, ਇਸ ਨੂੰ ਮਾਰਿਆ ਜਾ ਸਕਦਾ ਸੀ ਤਾਂ ਜੋ ਮਾਲਕ ਇਸ ਦਾ ਕੋਈ ਲਾਭ ਨਾ ਉਠਾਏ। ਉਸ ਨੂੰ **ਉਸ ਦੀ ਧੌਣ ਤੋੜਨ** ਦਾ ਹੁਕਮ ਦਿੱਤਾ ਗਿਆ ਸੀ, ਸ਼ਾਇਦ ਇਸ ਲਈ ਜੋ ਕਿਸੇ ਵੀ ਡੰਗਰ ਦਾ ਲਹੂ ਨਾ ਵਹਾਇਆ ਜਾਵੇ। ਬਿਵਸਥਾ ਵਿਚ ਅੱਗੇ ਜਾ ਕੇ, ਅਸ਼ੁੱਧ ਡੰਗਰਾਂ ਦੇ ਲਈ ਛੁਟਕਾਰੇ ਦਾ ਮੁੱਲ ਚਾਂਦੀ ਦੇ ਪੰਜ ਰੁਪਏ ਨਿਰਧਾਰਤ ਕੀਤਾ ਗਿਆ ਸੀ ਜਦੋਂ ਉਹ ਇਕ ਮਹੀਨੇ ਦੇ ਹੁੰਦੇ ਸਨ (ਗਿਣਤੀ 18:15, 16)।

ਇਸਰਾਏਲ ਦੇ **ਪੁੱਤ੍ਰਾਂ** ਦੇ **ਪਲੋਠੇ** ਨੂੰ ਵੀ **ਛੁਡਾਇਆ** ਜਾਣਾ ਸੀ। ਹਾਲਾਂਕਿ ਕਨਾਨੀਆਂ ਦੁਆਰਾ ਮਨੁੱਖਾਂ ਦੀਆਂ ਕੁਰਬਾਨੀਆਂ ਚੜ੍ਹਾਈਆਂ ਜਾਂਦੀਆਂ ਸਨ, ਪਰਮੇਸ਼ੁਰ ਨੇ ਅਜਿਹੀ ਰੀਤ ਦੀ ਕਦੇ ਮਨਜ਼ੂਰੀ ਨਹੀਂ ਸੀ ਦਿੱਤੀ (ਲੇਵੀਆਂ 18:21; 20:2-5; ਬਿਵਸਥਾ ਸਾਰ 12:31; 18:10)।[6] ਕਿਉਂਕਿ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਬਖ਼ਸ਼ ਦਿੱਤਾ ਸੀ ਜਦੋਂ ਉਹ ਉਨ੍ਹਾਂ ਦੇ ਘਰਾਂ ਦੇ "ਉੱਤੋਂ ਦੀ ਲੰਘਿਆ ਸੀ," ਇਕ ਭਾਵ ਵਿਚ ਉਹ ਪਲੋਠੇ ਨਰ ਹੁਣ ਪਰਮੇਸ਼ੁਰ ਦੇ ਸਨ। ਇਸ ਦੀ ਇਕ ਯਾਦ ਦੇ ਰੂਪ ਵਿਚ, ਇਸਰਾਏਲੀਆਂ ਨੇ ਉਨ੍ਹਾਂ ਨੂੰ "ਛੁਡਾਉਣਾ" ਸੀ - ਅਸਲ ਵਿਚ, ਉਨ੍ਹਾਂ ਨੂੰ ਵਾਪਸ ਖਰੀਦਣਾ ਸੀ। ਉਨ੍ਹਾਂ ਦੇ ਛੁਟਕਾਰੇ ਦਾ ਮੁੱਲ ਚਾਂਦੀ ਦੇ ਪੰਜ ਰੁਪਏ ਦੇਣਾ ਪੈਣਾ ਸੀ ਜਦੋਂ ਪਲੋਠਾ ਪੁੱਤਰ ਇਕ ਮਹੀਨੇ ਦਾ ਸੀ (ਗਿਣਤੀ 18:15, 16)। ਪਲੋਠੇ ਪੁੱਤਰ ਨੂੰ ਪਵਿੱਤਰ ਕਰਨ ਜਾਂ ਅਰਪਣ ਕਰਨ ਦੀ ਇਸ ਰੀਤ ਦਾ ਉਦਾਹਰਣ ਯਿਸੂ ਦੇ ਜਨਮ ਦੀ ਕਹਾਣੀ ਵਿਚ ਦਿੱਤਾ ਗਿਆ ਹੈ, ਜਿਸ ਨੂੰ ਇਕ ਮਹੀਨੇ ਦਾ ਹੋਣ ਤੋਂ ਬਾਅਦ ਹੈਕਲ ਵਿਚ ਲਿਜਾਇਆ ਗਿਆ ਸੀ (ਲੂਕਾ 2:23, 24)।

**ਆਇਤਾਂ 14, 15.** ਪਲੋਠੇ ਡੰਗਰਾਂ ਨੂੰ ਕੁਰਬਾਨ ਕਰਨ ਅਤੇ ਪਲੋਠੇ ਪੁੱਤਰਾਂ ਨੂੰ ਛੁਡਾਉਣ ਨੇ ਇਸਰਾਏਲੀਆਂ ਬੱਚਿਆਂ ਨੂੰ ਸਿੱਖਿਆ ਦੇਣ ਦੇ ਲਈ ਮੌਕੇ ਵੀ ਪ੍ਰਦਾਨ ਕੀਤੇ ਸਨ (ਵੇਖੋ 12:26, 27; 13:8)। ਲਿਖਤ ਦੱਸਦੀ ਹੈ ਕਿ ਜਦੋਂ ਇਕ ਪਿਤਾ ਪਲੋਠੇ ਲੇਲੇ ਨੂੰ ਕੁਰਬਾਨ ਕਰੇਗਾ ਜਾਂ ਖੋਤੇ

ਦੀ ਧੌਣ ਨੂੰ ਤੋੜੇਗਾ ਤਾਂ **ਪੁੱਤ੍ਰ** ਹੈਰਾਨੀ ਨਾਲ ਘੂਰ ਕੇ ਵੇਖੇਗਾ ਅਤੇ ਆਪਣੇ ਪਿਤਾ ਨੂੰ ਪੁੱਛੇਗਾ, "ਤੁਸੀਂ ਇਹ ਕਿਉਂ ਕਰ ਰਹੇ ਹੋ?"

ਇਸ ਦਾ ਜਵਾਬ ਉਸ ਸਮੇਂ ਪੇਸ਼ ਕੀਤੀ ਗਈ ਸਿੱਖਿਆ ਦੇ ਵਾਂਗ ਹੋਵੇਗਾ ਜਦੋਂ ਪਰਿਵਾਰ ਨੇ ਪਸਾਹ ਮਨਾਇਆ ਸੀ। ਪਿਤਾ ਕਹੇਗਾ, "ਪੁੱਤਰ, ਇਹ ਇਸ ਲਈ ਕਿਉਂਕਿ **ਯਹੋਵਾਹ** ਨੇ ਸਾਨੂੰ **ਮਿਸਰ** ਤੋਂ ਕੱਢਿਆ ਸੀ।" ਫਿਰ ਉਹ ਉਸ ਨੂੰ ਪੂਰੀ ਕਹਾਣੀ ਦੱਸੇਗਾ: "**ਫ਼ਿਰਊਨ** ਨੇ ਲੋਕਾਂ ਨੂੰ ਜਾਣ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਲਈ, ਪਰਮੇਸ਼ੁਰ ਨੇ ਮਿਸਰੀਆਂ ਦੇ **ਪਲੋਠਿਆਂ ਨੂੰ ਮਾਰ ਸੁੱਟਿਆ** ਪਰ ਇਸਰਾਏਲ ਨੂੰ ਬਖ਼ਸ਼ ਦਿੱਤਾ। ਨਤੀਜੇ ਵਜੋਂ, ਇਸਰਾਏਲ ਨੇ ਯਹੋਵਾਹ ਦੇ ਅੱਗੇ ਆਪਣੇ **ਪਲੋਠਿਆਂ** ਨੂੰ ਅਰਪਣ ਕੀਤਾ ਸੀ। ਪਰਮੇਸ਼ੁਰ ਨੇ ਇਸਰਾਏਲ ਨੂੰ ਆਪਣੇ **ਹੱਥ ਦੇ ਬਲ** ਨਾਲ ਛੁਡਾਇਆ ਸੀ। ਲੋਕ ਚੋਰੀ-ਚੋਰੀ ਬਾਹਰ ਨਹੀਂ ਸੀ ਗਏ ਜਾਂ ਭੱਜ ਨਹੀਂ ਸੀ ਗਏ। ਬਲਕਿ, ਪਰਮੇਸ਼ੁਰ ਦੇ ਮਹਾਨ ਚਿੰਨ੍ਹਾਂ ਅਤੇ ਅਚਰਜਾਂ ਦੇ ਨਤੀਜੇ ਵਜੋਂ ਇਸਰਾਏਲ ਨੇ ਜੇਤੂ ਤਰੀਕੇ ਨਾਲ ਮਿਸਰ ਵਿੱਚੋਂ ਕੂਚ ਕੀਤਾ ਸੀ!"

**ਆਇਤ 16.** ਇਸ ਤਰੀਕੇ ਨਾਲ, ਸਿੱਖਣਯੋਗ ਪਲਾਂ ਵਿਚ ਸਵਾਲਾਂ ਅਤੇ ਜਵਾਬਾਂ ਦੇ ਰਾਹੀਂ, ਇਸਰਾਏਲ ਨੇ ਆਪਣੀ ਨਿਹਚਾ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੌਂਪਣਾ ਸੀ। ਪਲੋਠਿਆਂ ਦੇ ਦੇਣ ਦੇ ਨਾਲ ਜੁੜੀ ਹਦਾਇਤ ਦਾ ਨਿਸ਼ਾਨਾ ਇਹ ਸੀ ਕਿ ਇਸਰਾਏਲ ਦੇ ਛੁਟਕਾਰਾ ਪਾਉਣ ਦਾ ਇਤਹਾਸ ਲੋਕਾਂ ਦੇ ਮਨਾਂ ਦੇ ਨੇੜੇ ਰਹੇ: **ਏਹ ਤੁਹਾਡੇ ਹੱਥਾਂ ਵਿੱਚ ਇੱਕ ਨਿਸ਼ਾਨ ਅਤੇ ਤੁਹਾਡਿਆਂ ਨੇਤ੍ਰਾਂ ਦੇ ਵਿਚਕਾਰ ਇੱਕ ਤਵੀਤ ਜਿਹਾ ਹੋਵੇਗਾ** (13:9 ਤੇ ਟਿੱਪਣੀਆਂ ਵੇਖੋ)।

## ਲਾਲ ਸਮੁੰਦਰ ਵੱਲ ਯਾਤਰਾ (13:17-22)

**[17]ਤਾਂ ਐਉਂ ਹੋਇਆ ਕਿ ਜਾਂ ਫਿਰਊਨ ਨੇ ਲੋਕਾਂ ਨੂੰ ਜਾਣ ਦਿੱਤਾ ਤਾਂ ਪਰਮੇਸ਼ੁਰ ਉਨ੍ਹਾਂ ਨੂੰ ਫਲਿਸਤੀਆਂ ਦੇ ਦੇਸ ਦੇ ਰਾਹ ਨਾ ਲੈ ਗਿਆ ਭਾਵੇਂ ਉਹ ਨੇੜੇ ਸੀ ਕਿਉਂ ਜੋ ਪਰਮੇਸ਼ੁਰ ਨੇ ਆਖਿਆ, ਸ਼ਾਇਤ ਲੋਕ ਜੰਗ ਨੂੰ ਵੇਖ ਕੇ ਪਛਤਾਉਣ ਅਰ ਮਿਸਰ ਨੂੰ ਮੁੜ ਜਾਣ। [18]ਸਗੋਂ ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਨੂੰ ਭੁਆ ਕੇ ਲਾਲ ਸਮੁੰਦਰ ਦੀ ਉਜਾੜ ਦੀ ਰਾਹ ਪਾ ਦਿੱਤਾ ਅਰ ਇਸਰਾਏਲੀ ਸ਼ਸਤ੍ਰ ਬੰਨ੍ਹ ਕੇ ਮਿਸਰ ਦੇਸ ਤੋਂ ਚੱਲੇ ਆਏ। [19]ਮੂਸਾ ਨੇ ਯੂਸੁਫ਼ ਦੀਆਂ ਹੱਡੀਆਂ ਆਪਣੇ ਨਾਲ ਲੈ ਲਈਆਂ ਕਿਉਂ ਜੋ ਉਸ ਨੇ ਇਸਰਾਏਲੀਆਂ ਕੋਲੋਂ ਸੌਂਹ ਲੈਕੇ ਤਕੀਦ ਕੀਤੀ ਸੀ ਭਈ ਪਰਮੇਸ਼ੁਰ ਤੁਹਾਨੂੰ ਜਰੂਰ ਚੇਤੇ ਕਰੇਗਾ ਅਤੇ ਤੁਸੀਂ ਮੇਰੀਆਂ ਹੱਡੀਆਂ ਨੂੰ ਐਥੋਂ ਆਪਣੇ ਨਾਲ ਲੈ ਜਾਇਓ। [20]ਫੇਰ ਉਨ੍ਹਾਂ ਨੇ ਸੁੱਕੋਥ ਤੋਂ ਕੂਚ ਕਰ ਕੇ ਉਜਾੜ ਦੇ ਕੰਢੇ ਏਥਾਮ ਵਿੱਚ ਡੇਰਾ ਕੀਤਾ। [21]ਯਹੋਵਾਹ ਉਨ੍ਹਾਂ ਨੂੰ ਰਾਹ ਦੱਸਣ ਲਈ ਦਿਨ ਨੂੰ ਬੱਦਲ ਦੇ ਥੰਮ੍ਹ ਵਿੱਚ ਅਤੇ ਰਾਤੀਂ ਉਨ੍ਹਾਂ ਨੂੰ ਚਾਨਣਾ ਦੇਣ ਲਈ ਅੱਗ ਦੇ ਥੰਮ੍ਹ ਵਿੱਚ ਉਨ੍ਹਾਂ ਦੇ ਅੱਗੇ ਅੱਗੇ ਤੁਰਦਾ ਸੀ ਤਾਂ ਜੋ ਦਿਨ ਅਤੇ ਰਾਤ ਨੂੰ ਚੱਲਦੇ ਜਾਣ। [22]ਬੱਦਲ ਦਾ ਥੰਮ੍ਹ ਦਿਨ ਨੂੰ ਅਤੇ ਅੱਗ ਦਾ ਥੰਮ੍ਹ ਰਾਤ ਨੂੰ ਉਨ੍ਹਾਂ ਲੋਕਾਂ ਦੇ ਅੱਗੋਂ ਕਦੀ ਨਾ ਹਟਿਆ।**

ਕੂਚ ਦਾ ਵਿਰਤਾਂਤ ਇਸਰਾਏਲ ਦੇ ਮਿਸਰ ਵਿੱਚੋਂ ਬਾਹਰ ਨਿੱਕਲਣ ਦੇ ਵੇਰਵਿਆਂ ਨਾਲ ਅੱਗੇ ਜਾਰੀ ਰਹਿੰਦਾ ਹੈ, ਜਿਵੇਂ ਕਿ ਉਹ ਆਪਣੇ ਨਾਲ ਕੀ ਲੈ ਕੇ ਗਏ, ਉਹ ਕਿੱਥੇ ਗਏ ਅਤੇ ਪਰਮੇਸ਼ੁਰ ਕਿਵੇਂ ਉਨ੍ਹਾਂ ਨੂੰ ਲੈ ਕੇ ਗਿਆ (13:17-22)।

**ਆਇਤ 17.** ਪਰਮੇਸ਼ੁਰ ਲੋਕਾਂ ਨੂੰ **ਫਲਿਸਤੀਆਂ ਦੇ ਦੇਸ ਦੇ ਰਾਹ** ਨਹੀਂ ਲੈ ਕੇ ਗਿਆ, ਇਕ ਰਾਹ ਜਿਸ ਨੂੰ "ਯਸਾਯਾਹ 9:1 ਵਿਚ 'ਸਮੁੰਦਰ ਦਾ ਰਾਹ' ਕਿਹਾ ਗਿਆ ਸੀ, ਜਿਹੜਾ ਵਾਇਆ ਮੈਰਿਸ ਦੇ ਲਾਤੀਨੀ ਨਾਮ ਨਾਲ ਮਿਲਦਾ ਹੈ, ਜੋ ਰੋਮੀ ਸਮਿਆਂ ਤੋਂ ਵਰਤਿਆ ਜਾਂਦਾ ਸੀ।"[7] ਭੂਮੱਧ ਸਾਗਰ ਦੇ ਤੱਟ ਨਾਲ ਲੱਗਦਾ ਇਹ ਉੱਤਰੀ "ਰਾਹ" ਮਿਸਰ ਤੋਂ ਕਨਾਨ ਨੂੰ ਜਾਣ ਦਾ ਸਭ ਤੋਂ ਛੋਟਾ

ਰਾਹ ਹੋਵੇਗਾ। ਲਿਖਤ ਉਹ ਕਾਰਣ ਦਿੰਦੀ ਹੈ ਜਿਸ ਦੇ ਲਈ ਪਰਮੇਸ਼ੁਰ ਨੇ ਇਕ ਵੱਖਰਾ ਰਾਹ ਚੁਣਿਆ ਸੀ: ਉਹ ਜਾਣਦਾ ਸੀ ਕਿ **ਲੋਕ** ਹਾਲੇ ਤੱਕ ਯੁੱਧ ਦੇ ਲਈ ਤਿਆਰ ਨਹੀਂ ਸਨ ਅਤੇ ਇਹ ਕਿ ਫਲਿਸਤੀ ਯੋਧੇ ਉਨ੍ਹਾਂ ਨੂੰ ਨਿਰਾਸ਼ ਕਰ ਦੇਣਗੇ ਅਤੇ ਉਹ ਸ਼ਾਇਦ **ਮਿਸਰ ਨੂੰ ਮੁੜ ਜਾਣ**।[8] ਵਧੀਆ ਫੌਜੀ ਤਾਕਤਾਂ ਦਾ ਸਾਹਮਣਾ ਕਰਦਿਆਂ ਨਿਰਾਸ਼ ਹੋਣ ਦੀ ਉਨ੍ਹਾਂ ਦੀ ਪ੍ਰਵਿਰਤੀ ਅੱਗੇ ਚੱਲ ਕੇ ਉਸ ਘਟਨਾ ਤੋਂ ਸਪੱਸ਼ਟ ਹੁੰਦੀ ਹੈ ਜਦੋਂ ਉਨ੍ਹਾਂ ਨੇ ਕਨਾਨ ਦੇਸ ਦੀ ਖੋਜ ਕਰਨ ਦੇ ਲਈ ਬਾਰ੍ਹਾਂ ਮਨੁੱਖਾਂ ਨੂੰ ਭੇਜਿਆ ਸੀ (ਗਿਣਤੀ 13:32-14:4)। ਇਸ ਲਈ, ਇਸਰਾਏਲੀਆਂ ਨੇ ਇਕ ਵੱਖਰੇ ਰਾਹ ਥਾਣੀਂ ਜਾਣਾ ਸੀ।

ਇਸ ਆਇਤ ਵਿਚ ਅਤੇ ਦੂਜੀਆਂ ਆਇਤਾਂ ਵਿਚ "ਫਲਿਸਤੀਆਂ" ਦਾ ਜ਼ਿਕਰ (15:14; 23:31) ਕੋਈ ਨਾ ਕੋਈ ਮੁਸ਼ਕਲ ਖੜ੍ਹੀ ਕਰਦਾ ਹੈ। ਅਸਲ ਵਿਚ ਫਲਿਸਤੀ ਫਲਿਸਤੀਨ ਦੇ ਤੱਟਵਰਤੀ ਇਲਾਕੇ ਵਿਚ ਵੱਸੇ ਸਨ, ਪਰ ਜ਼ਿਆਦਾਤਰ ਪੁਰਾਤੱਤਵ ਸਬੂਤ ਇਹ ਸੁਝਾਅ ਦਿੰਦੇ ਹਨ ਕਿ ਉਹ ਲਗਭਗ 1200 ਈਸਵੀ ਪੂਰਵ ਤੱਕ ਉਸ ਇਲਾਕੇ ਵਿਚ ਨਹੀਂ ਸੀ ਵੱਸੇ। ਇਸ ਸਮੱਸਿਆ ਦੀ ਵਿਆਖਿਆ ਕਰਨ ਦੇ ਲਈ ਵੱਖ-ਵੱਖ ਹੱਲ ਪੇਸ਼ ਕੀਤੇ ਜਾ ਚੁੱਕੇ ਹਨ।

ਪਹਿਲਾ, ਕੁਝ ਲੋਕ ਇਹ ਦਲੀਲ ਦੇ ਸਕਦੇ ਹਨ ਕਿ ਕੂਚ 1200 ਈਸਵੀ ਪੂਰਵ ਤੋਂ ਬਾਅਦ ਹੋਇਆ ਸੀ। ਪਰ ਇਹ ਸਮਾਂ ਸੀਮਾ ਉਸ ਨਾਲੋਂ ਬਾਅਦ ਦੀ ਹੈ ਜੋ ਜ਼ਿਆਦਾਤਰ ਵਿਦਵਾਨ ਇਸ ਦੀ ਮਿਤੀ ਪਾਉਣਾ ਚਾਹੁੰਦੇ ਹਨ - ਸਗੋਂ ਉਹ ਜਿਹੜੇ 1290 ਈਸਵੀ ਪੂਰਵ "ਨਵੀਂ ਮਿਤੀ" ਦਾ ਸਮਰਥਨ ਕਰਦੇ ਹਨ।

ਦੂਜਾ, ਬਹੁਤ ਸਾਰੇ ਵਿਦਵਾਨਾਂ ਨੇ ਜ਼ੋਰ ਦਿੱਤਾ ਹੈ ਕਿ ਕੂਚ ਦੀ ਪੁਸਤਕ ਮੂਸਾ ਦੇ ਸਮੇਂ ਤੋਂ ਕਾਫੀ ਚਿਰ ਬਾਅਦ ਲਿਖੀ ਗਈ ਸੀ ਅਤੇ "ਫਲਿਸਤੀਆਂ" ਸ਼ਬਦ ਇਕ ਪੁਰਾਣਾ ਸ਼ਬਦ ਹੈ। ਫਿਰ ਵੀ, ਬਾਈਬਲ ਖੁਦ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਪੰਚਗ੍ਰੰਥ ਦਾ ਲੇਖਕ ਮੂਸਾ ਹੈ।

ਤੀਜਾ, ਕਈਆਂ ਨੇ ਇਸ ਵਿਚਾਰ ਦਾ ਸਮਰਥਨ ਕੀਤਾ ਹੈ ਕਿ ਮੂਸਾ ਦੁਆਰਾ ਪੰਚਗ੍ਰੰਥ ਦੇ ਲਿਖੇ ਜਾਣ ਤੋਂ ਕਾਫੀ ਸਾਲਾਂ ਬਾਅਦ, ਲੇਖਕ ਜਾਂ ਲਿਖਣ ਵਾਲੇ ਨੇ ਹੋਰ ਜ਼ਿਆਦਾ ਆਧੁਨਿਕ ਨਾਂ "ਫਲਿਸਤੀਆਂ" ਨਾਲ ਆਪਣੀ ਰਚਨਾ ਵਿਚ ਇਹ ਸ਼ਬਦ ਜੋੜ ਦਿੱਤਾ ਸੀ। ਇਹ ਬਦਲਾਅ ਪਾਠਕ ਨੂੰ ਇਸ ਨੂੰ ਸਮਝਣ ਵਿਚ ਮਦਦ ਕਰਨ ਦੇ ਲਈ ਕੀਤਾ ਗਿਆ ਹੋਵੇਗਾ।[9]

ਚੌਥੀ ਅਤੇ ਆਖ਼ਰੀ ਵਿਆਖਿਆ ਇਹ ਹੈ ਕਿ ਉਸ ਸਮੇਂ ਕੁਝ ਫਲਿਸਤੀ ਪਹਿਲਾਂ ਹੀ ਉਸ ਦੇਸ ਵਿਚ ਸਨ, ਹਾਲਾਂਕਿ ਪੁਰਾਤੱਤਵ ਵਿਗਿਆਨੀਆਂ ਨੂੰ ਹਾਲੇ ਤੱਕ ਉਨ੍ਹਾਂ ਦੀ ਮੌਜੂਦਗੀ ਦਾ ਕੋਈ ਸਬੂਤ ਨਹੀਂ ਮਿਲਿਆ ਹੈ।[10] ਦੂਜੇ ਸ਼ਬਦਾਂ ਵਿਚ, ਫਲਿਸਤੀ ਲੰਬੇ ਸਮੇਂ ਦੌਰਾਨ ਹੌਲੀ-ਹੌਲੀ ਕਨਾਨ ਵਿਚ ਚਲੇ ਗਏ। ਇਹ ਧਿਆਨ ਦੇਣ ਯੋਗ ਹੈ ਕਿ ਫਲਿਸਤੀਆਂ ਦੇ ਹਵਾਲੇ ਅਬਰਾਹਾਮ ਅਤੇ ਇਸਹਾਕ ਦੀਆਂ ਕਹਾਣੀਆਂ ਵਿਚ ਵੀ ਆਉਂਦੇ ਹਨ (ਉਤਪਤ 21:32; 26:1), ਜਿਹੜੇ ਕੂਚ ਤੋਂ ਸੈਂਕੜੇਂ ਸਾਲ ਪਹਿਲਾਂ ਜੀਉਂਦੇ ਸਨ।

**ਆਇਤ 18.** "ਫਲਿਸਤੀਆਂ ਦੇ ਦੇਸ ਦੇ ਰਾਹ ਥਾਣੀਂ" ਜਾਣ ਦੀ ਬਜਾਇ, ਇਸਰਾਏਲੀ **ਲਾਲ ਸਮੁੰਦਰ ਦੀ ਉਜਾੜ ਦੀ ਰਾਹ ਥਾਣੀਂ** ਮਿਸਰ ਵਿੱਚੋਂ ਨਿੱਕਲ ਕੇ ਗਏ। ("ਲਾਲ ਸਮੁੰਦਰ" ਤੇ ਜਾਣਕਾਰੀ ਦੇ ਲਈ, *ਵਾਧੂ ਅਧਿਐਨ: ਕੂਚ ਦਾ ਰਾਹ* ਵੇਖੋ।) ਇਸ ਤੋਂ ਇਲਾਵਾ, ਉਹ **ਸ਼ਸਤ੍ਰ ਬੰਨ੍ਹ ਕੇ** (חֲמֻשִׁים, *ਚਾਮੁਸ਼ਿਮ)* ਗਏ। NIV ਬਾਈਬਲ ਕਹਿੰਦੀ ਹੈ ਕਿ ਉਹ "ਯੁੱਧ ਲਈ ਹਥਿਆਰਬੰਦ" ਸਨ, ਜਦ ਕਿ NRSV ਬਾਈਬਲ ਉਨ੍ਹਾਂ ਦਾ "ਯੁੱਧ ਦੇ ਲਈ ਤਿਆਰ" ਹੋਣ ਵਜੋਂ ਵਰਣਨ ਕਰਦੀ ਹੈ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਇਸਰਾਏਲੀਆਂ ਨੇ ਸ਼ਸਤ੍ਰ ਧਾਰੇ ਹੋਏ ਸਨ, ਪਰ ਜ਼ਿਆਦਾ ਸ਼ਸਤ੍ਰ ਨਹੀਂ ਸੀ ਧਾਰੇ। ਸ਼ਾਇਦ ਉਨ੍ਹਾਂ ਦੇ ਕੋਲ ਕੁਝ ਗੋਪੀਏ ਅਤੇ ਪੱਥਰ, ਧਣੁਖ ਅਤੇ ਤੀਰ ਅਤੇ ਬਰਛੀਆਂ ਸਨ। ਪਰ, ਕੂਚ 17:13 ਦੱਸਦੀ ਹੈ ਕਿ ਇਸਰਾਏਲੀਆਂ ਕੋਲ ਕੁਝ ਤਲਵਾਰਾਂ

ਵੀ ਸਨ ਜੋ ਉਨ੍ਹਾਂ ਨੇ ਅਮਾਲੇਕੀਆਂ ਨੂੰ ਹਰਾਉਣ ਦੇ ਲਈ ਵਰਤੀਆਂ ਸਨ। ਜੌਨ ਆਈ. ਡਰਹਮ ਨੇ ਦੱਸਿਆ ਸੀ ਕਿ ਇਸਰਾਏਲੀ "ਲੜਾਈ ਦਾ ਗਠਨ ਕਰਦੇ ਹੋਏ ਗਏ, ਅਰਥਾਤ ਇਸ ਮੁਹਿੰਮ ਵਿਚ ਉਹ ਲੋਕ ਅੱਗੇ-ਅੱਗੇ ਉਨ੍ਹਾਂ ਦੀ ਅਗਵਾਈ ਕਰਦੇ ਹੋਏ ਗਏ ਜਿਨ੍ਹਾਂ ਦੇ ਕੋਲ ਹਥਿਆਰ ਸਨ ਅਤੇ ਜੋ ਕਮਜ਼ੋਰ ਸਨ ਉਹ ਉਨ੍ਹਾਂ ਦੀ ਸੁਰੱਖਿਆ ਵਿਚ ਗਏ ਜਿਹੜੇ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ।"[11] ਪਰਮੇਸ਼ੁਰ ਦੀ ਪਰਜਾ ਜਾਣਦੀ ਹੋਵੇਗੀ ਕਿ ਉਨ੍ਹਾਂ ਨੂੰ ਆਖ਼ਰਕਾਰ ਆਪਣੇ ਵਿਰੋਧੀਆਂ ਦਾ ਸਾਹਮਣਾ ਕਰਨਾ ਅਤੇ ਉਨ੍ਹਾਂ ਨਾਲ ਲੜਨਾ ਪੈਣਾ ਸੀ।

**ਆਇਤ 19.** ਜਦੋਂ ਉਹ ਮਿਸਰ ਵਿੱਚੋਂ ਨਿੱਕਲੇ, ਉਹ **ਯੂਸੁਫ਼ ਦੀਆਂ ਹੱਡੀਆਂ ਆਪਣੇ ਨਾਲ** ਲੈ ਗਏ, ਸ਼ਾਇਦ ਉਸ ਦੀ ਮ੍ਰਿਤਕ ਦੇਹ ਨੂੰ। ਇਹ ਉਨ੍ਹਾਂ ਨੇ ਉਤਪਤ 50:25 ਵਿਚ ਯੂਸੁਫ਼ ਦੀ ਆਖ਼ਰੀ ਇੱਛਾ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਸੀ, ਜਿਸ ਦਾ ਹਵਾਲਾ ਆਇਤ 19 ਵਿਚ ਦਿੱਤਾ ਗਿਆ ਹੈ: **ਪਰਮੇਸ਼ੁਰ ਤੁਹਾਨੂੰ ਜਰੂਰ ਚੇਤੇ ਕਰੇਗਾ ਅਤੇ ਤੁਸੀਂ ਮੇਰੀਆਂ ਹੱਡੀਆਂ ਨੂੰ ਐਥੋਂ ਆਪਣੇ ਨਾਲ ਲੈ ਜਾਇਓ।** ਉਸ ਨੇ ਇਹ ਸ਼ਬਦ ਨਿਹਚਾ ਨਾਲ ਆਖੇ ਸਨ (ਇਬਰਾਨੀਆਂ 11:22), ਉਨ੍ਹਾਂ ਵਾਅਦਿਆਂ ਤੇ ਪਰਤੀਤ ਕਰਦੇ ਹੋਏ ਜੋ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਕੀਤੇ ਗਏ ਸਨ (ਉਤਪਤ 50:24)। ਯੂਸੁਫ਼ ਦੀਆਂ ਹੱਡੀਆਂ ਦਾ ਮਿਸਰ ਵਿੱਚੋਂ ਲਿਜਾਇਆ ਜਾਣਾ ਇਸ ਤੱਥ ਦੀ ਗਵਾਹੀ ਦਿੰਦਾ ਸੀ ਕਿ ਪਰਮੇਸ਼ੁਰ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ, ਕਿਉਂਕਿ ਪਰਮੇਸ਼ੁਰ ਨੇ ਆਖਿਆ ਸੀ ਕਿ ਉਹ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਕਨਾਨ ਵਿਚ ਲੈ ਕੇ ਜਾਵੇਗਾ (ਉਤਪਤ 15:13-16)। ਕੂਚ ਵਿਚ, ਉਹ ਉਸ ਵਾਅਦੇ ਨੂੰ ਪੂਰਾ ਕਰ ਰਿਹਾ ਸੀ। ਕਨਾਨ ਦੀ ਫਤਹਿ ਤੋਂ ਬਾਅਦ, ਯੂਸੁਫ਼ ਨੂੰ ਸ਼ਕਮ ਵਿਚ ਦਫ਼ਨਾ ਦਿੱਤਾ ਗਿਆ ਸੀ (ਯਹੋਸ਼ੁਆ 24:32)।

**ਆਇਤ 20. ਸੁੱਕੋਥ** ਤੋਂ ਬਾਅਦ, ਇਸਰਾਏਲੀਆਂ ਦਾ ਸਫ਼ਰ **ਏਥਾਮ** ਵਿਚ ਜਾ ਕੇ ਰੁਕਿਆ ਜੋ ਕਿ **ਉਜਾੜ ਦੇ ਕੰਢੇ** ਸਥਿਤ ਸੀ। ਲਾਲ ਸਮੁੰਦਰ ਦੇ ਕੰਢੇ ਤੇ ਪਹੁੰਚਣ ਤੋਂ ਪਹਿਲਾਂ ਉਹ ਇੱਥੇ ਆਖ਼ਰੀ ਵਾਰ ਰੁਕੇ ਸਨ (ਵੇਖੋ 14:2)।

**ਆਇਤਾਂ 21, 22.** ਜਦੋਂ ਉਹ ਗਏ, ਪਰਮੇਸ਼ੁਰ ਨੇ ਉਨ੍ਹਾਂ ਨੂੰ ਰਾਹ ਵਿਖਾਉਣ ਦੇ ਲਈ ਅਤੇ **ਰਾਤ** ਨੂੰ ਸਫ਼ਰ ਕਰਨ ਦੇ ਲਈ **ਦਿਨ ਨੂੰ ਬੱਦਲ ਦੇ ਥੰਮ੍ਹ ਅਤੇ ਰਾਤ ਨੂੰ ਅੱਗ ਦੇ ਥੰਮ੍ਹ** ਦਾ ਇਸਤੇਮਾਲ ਕੀਤਾ (ਵੇਖੋ ਗਿਣਤੀ 9:15-23)। ਉਨ੍ਹਾਂ ਦੇ ਸਫ਼ਰ ਦੇ ਹਰ ਮੋੜ ਤੇ, ਇਸਰਾਏਲੀਆਂ ਨੇ ਪਰਮੇਸ਼ੁਰ ਦਾ ਮਾਰਗ-ਦਰਸ਼ਨ ਵੇਖਿਆ। ਪੁਰਾਣੇ ਨੇਮ ਵਿਚ ਯਹੋਵਾਹ ਨੂੰ ਅਕਸਰ ਇਕ ਬੱਦਲ ਅਤੇ/ਅੱਗ ਦੇ ਰਾਹੀਂ ਦਰਸਾਇਆ ਗਿਆ ਹੈ।

# ਪ੍ਰਾਸੰਗਿਕਤਾ

### ਪਸਾਹ ਤੋਂ ਸਬਕ (13:3)

ਪਰਮੇਸ਼ੁਰ ਨੇ ਮੂਸਾ ਦੇ ਰਾਹੀਂ ਇਸਰਾਏਲ ਨੂੰ ਆਖਿਆ, "ਏਹ ਦਿਨ ਚੇਤੇ ਰੱਖੋ" (13:3)। ਚੇਤੇ ਰੱਖਣ ਵਾਲਾ ਦਿਨ ਉਹ ਦਿਨ ਸੀ ਜਦੋਂ ਪਰਮੇਸ਼ੁਰ ਦੀ ਪਰਜਾ ਨੂੰ ਦਸਵੀਂ ਬਵਾ ਤੋਂ ਬਚਾਇਆ ਗਿਆ ਸੀ ਅਤੇ ਮਿਸਰ ਦੇਸ ਦੇ ਵਿੱਚੋਂ ਬਾਹਰ ਕੱਢ ਕੇ ਲਿਆਂਦਾ ਗਿਆ ਸੀ।

ਇਸ ਦੇ ਆਰੰਭ ਤੇ, ਪਸਾਹ ਇਸਰਾਏਲ ਦੇ ਧਰਮ ਦੇ ਪਰਿਵਾਰਕ ਪਹਿਲੂ ਤੇ ਜ਼ੋਰ ਦਿੰਦਾ ਸੀ। ਹਰ ਪਰਿਵਾਰ ਨੂੰ ਇਕ ਲੇਲਾ ਚੁਣਨ, ਇਸ ਨੂੰ ਬਿਨ੍ਹਾਂ ਇਸ ਦੀਆਂ ਕੋਈ ਹੱਡੀਆਂ ਤੋੜੇ ਮਾਰਨ, ਇਸ ਨੂੰ ਭੁੰਨਣ ਅਤੇ ਇਸ ਨੂੰ ਪੂਰੇ ਦਾ ਪੂਰੇ ਖਾਣ ਦਾ ਹੁਕਮ ਦਿੱਤਾ ਗਿਆ ਸੀ। ਜੇਕਰ ਇਕ ਘਰ ਵਿਚ ਇੰਨੇ ਜੀਅ ਨਹੀਂ ਸਨ ਜੋ ਪੂਰਾ ਲੇਲਾ ਖਾ ਸਕਦੇ, ਤਾਂ ਇਸ ਨੂੰ ਖਾਣ ਦੇ ਲਈ ਦੋ ਪਰਿਵਾਰ ਜੁੜ ਸਕਦੇ ਸਨ। ਲੇਲੇ ਦਾ ਲਹੂ ਹਰ ਘਰ ਦੀਆਂ ਬਾਹੀਆਂ ਅਤੇ ਸੇਰੂਆਂ ਤੇ ਛਿੜਕਿਆ ਜਾਣਾ ਸੀ। ਜਦੋਂ ਪਰਮੇਸ਼ੁਰ ਨੇ ਘਰ ਤੇ ਲਹੂ ਨੂੰ ਲੱਗਾ ਹੋਇਆ ਵੇਖਿਆ, ਉਹ ਉਸ ਘਰ ਦੇ "ਉੱਤੋਂ ਦੀ ਲੰਘ

ਗਿਆ" ਅਤੇ ਉਸ ਨੇ ਨਾਸ ਕਰਨ ਵਾਲੇ ਨੂੰ ਉਸ ਘਰ ਵਿਚ ਦਾਖਲ ਨਾ ਹੋਣਾ ਦਿੱਤਾ। ਜਿਨ੍ਹਾਂ ਨੇ ਪਸਾਹ ਖਾਧਾ ਸੀ ਉਹ ਆਪਣਾ ਲੱਕ ਬੰਨ੍ਹ ਕੇ ਅਤੇ ਆਪਣੀ ਜੁੱਤੀ ਪੈਰੀਂ ਪਾ ਕੇ ਅਤੇ ਆਪਣੀ ਲਾਠੀ ਆਪਣੇ ਹੱਥ ਵਿਚ ਲੈ ਕੇ (12:11) ਛੇਤੀ ਛੇਤੀ ਜਾਣ ਦੇ ਲਈ ਤਿਆਰ ਹਨ।

ਜਿਵੇਂ-ਜਿਵੇਂ ਸਾਲ ਬੀਤਦੇ ਗਏ, ਇਸ ਜਸ਼ਨ ਨੇ ਇਸਰਾਏਲੀਆਂ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਛੁਟਕਾਰੇ ਬਾਰੇ ਸਿੱਖਿਆ ਦੇਣ ਵਿਚ ਮਦਦ ਕੀਤੀ। ਪਰਬ ਦੇ ਲਈ ਹਰੇਕ ਮੰਗ ਇਸ ਦੀ ਇਕ ਯਾਦਗਾਰ ਸੀ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਗੁਲਾਮੀ ਦੇ ਵਿੱਚੋਂ ਬਾਹਰ ਕੱਢਿਆ ਸੀ, ਇਸਰਾਏਲੀਆਂ ਦੇ ਘਰਾਂ ਦੇ ਉੱਤੋਂ ਦੀ ਲੰਘਦਿਆਂ ਜਦੋਂ ਮਿਸਰ ਦੇ ਪਲੋਠੇ ਮਾਰੇ ਗਏ।

ਅੱਜ ਮਸੀਹੀ ਲੋਕ ਪਸਾਹ ਤੋਂ ਕਿਹੜੇ ਸਬਕ ਸਿੱਖ ਸਕਦੇ ਹਨ? ਜਦੋਂ ਮਸੀਹੀ ਲੋਕ ਪਸਾਹ ਦੇ ਬਾਰੇ ਸੋਚਦੇ ਹਨ ਤਾਂ ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਕਰਨ ਦੇ ਲਈ ਮਜਬੂਰ ਹੋਣਾ ਚਾਹੀਦਾ ਹੈ:

*ਪਰਿਵਾਰਕ ਬੰਦਗੀ ਦੀ ਮਹੱਤਤਾ ਨੂੰ ਸਮਝੋ।* ਬੇਸ਼ੱਕ, ਜਦੋਂ ਅਸੀਂ ਬੰਦਗੀ ਕਰਨ ਦੇ ਲਈ ਇਕੱਠੇ ਹੁੰਦੇ ਹਾਂ, ਅਸੀਂ ਇਹ ਇਕ ਪਰਿਵਾਰ ਦੇ ਤੌਰ ਤੇ, ਪਰਮੇਸ਼ੁਰ ਦੇ ਪਰਿਵਾਰ ਦੇ ਤੌਰ ਤੇ ਕਰਦੇ ਹਾਂ। ਇਸ ਤੋਂ ਇਲਾਵਾ, ਸਾਨੂੰ ਆਪਣੇ ਪਰਿਵਾਰਾਂ ਨਾਲ ਘਰ ਵਿਚ ਯਹੋਵਾਹ ਦੀ ਬੰਦਗੀ ਕਰਨੀ ਚਾਹੀਦੀ ਹੈ। ਅਸੀਂ ਬੱਚਿਆਂ ਨਾਲ ਮਿਲ ਕੇ ਗੀਤ ਗਾ ਸਕਦੇ ਹਾਂ ਅਤੇ ਪ੍ਰਾਰਥਨਾ ਕਰ ਸਕਦੇ ਹਾਂ ਅਤੇ ਘਰ ਵਿਚ ਉਨ੍ਹਾਂ ਨੂੰ ਸਿੱਖਿਆ ਦੇ ਸਕਦੇ ਹਾਂ, ਜਿਵੇਂ ਇਸਰਾਏਲੀਆਂ ਨੇ ਪਸਾਹ ਨੂੰ ਮਨਾ ਕੇ ਕੀਤਾ ਸੀ।

*ਮੁਕਤੀ ਵਿਚ ਮਸੀਹ ਦੀ ਭੂਮਿਕਾ ਨੂੰ ਚੇਤੇ ਰੱਖੋ।* ਪੌਲੁਸ ਨੇ ਮਸੀਹ ਦੇ "ਸਾਡਾ ਪਸਾਹ" ਹੋਣ ਦੀ ਗੱਲ ਕੀਤੀ ਸੀ (1 ਕੁਰਿੰਥੀਆਂ 5:7)। ਯਿਸੂ "ਪਰਮੇਸ਼ੁਰ ਦਾ ਲੇਲਾ" ਸੀ (ਯੂਹੰਨਾ 1:29, 36), "ਲੇਲਾ ਜਿਹੜਾ ਕੋਹਿਆ ਗਿਆ ਸੀ" (ਪਰਕਾਸ਼ ਦੀ ਪੋਥੀ 5:12)। ਮਸੀਹ ਪਸਾਹ ਦੇ ਲੇਲੇ ਦੇ ਵਾਂਗ ਬੱਜ ਤੋਂ ਰਹਿਤ ਸੀ (ਕੂਚ 12:5; 1 ਪਤਰਸ 1:18, 19), ਉਸ ਦੀ ਕੋਈ ਵੀ ਹੱਡੀ ਨਹੀਂ ਸੀ ਤੋੜੀ ਗਈ (ਕੂਚ 12:46; ਯੂਹੰਨਾ 19:36) ਅਤੇ ਉਸ ਦਾ ਲਹੂ ਪਰਮੇਸ਼ੁਰ ਸਾਹਮਣੇ ਇਕ ਨਿਸ਼ਾਨ ਸੀ (ਕੂਚ 12:13)। ਪਸਾਹ ਦੇ ਵਾਂਗ, ਉਸ ਦੇ ਯਾਦਗਾਰੀ ਪਰਬ ਵਿਚ ਪਤੀਰੀ ਰੋਟੀ ਸ਼ਾਮਲ ਹੁੰਦੀ ਹੈ (ਕੂਚ 12:18; 1 ਕੁਰਿੰਥੀਆਂ 5:8)।[12]

*ਆਪਣੇ ਛੁਟਕਾਰੇ ਨੂੰ ਮਨਾਉਣ ਦੇ ਮਹੱਤਵ ਨੂੰ ਸਮਝੋ।* ਪਸਾਹ ਦਾ ਪਰਬ ਇਸਰਾਏਲੀਆਂ ਨੂੰ ਇਹ ਚੇਤੇ ਕਰਾਉਣ ਦੇ ਲਈ ਬਣਾਇਆ ਗਿਆ ਸੀ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਦੇ ਵਿੱਚੋਂ ਛੁਡਾਇਆ ਸੀ। ਉਸੇ ਤਰ੍ਹਾਂ ਪ੍ਰਭੂ ਭੋਜ ਜੋ ਕਿ ਪਸਾਹ ਦੇ ਦੌਰਾਨ ਸ਼ੁਰੂ ਕੀਤਾ ਗਿਆ ਸੀ ਉਹ ਵੀ ਯਿਸੂ ਦੀ ਮੌਤ ਦੀ ਇਕ ਯਾਦਗਾਰ ਅਤੇ ਉਸ ਦੀ ਮੌਤ ਦੇ ਰਾਹੀਂ ਸਾਡੀ ਮੁਕਤੀ ਦੀ ਯਾਦਗਾਰ ਦੇ ਰੂਪ ਵਿਚ ਕੰਮ ਕਰਦਾ ਹੈ (ਲੂਕਾ 22:19; 1 ਕੁਰਿੰਥੀਆਂ 11:24, 25)। ਯਿਸੂ ਨੇ ਸਾਡੇ ਲਈ ਜੋ ਕੀਤਾ ਹੈ ਸਾਨੂੰ ਉਹ ਹਮੇਸ਼ਾ ਚੇਤੇ ਰੱਖਣ ਦੀ ਲੋੜ ਹੈ।

*ਇਕ ਦੂਜੇ ਨੂੰ ਚੇਤੇ ਕਰਾਓ ਕਿ ਅਸੀਂ ਇਕ ਸਫ਼ਰ ਵਿਚ ਹਾਂ।* ਜਿਵੇਂ ਇਸਰਾਏਲੀ ਸਫ਼ਰ ਦੇ ਲਈ ਤਿਆਰ ਕੀਤੇ ਗਏ ਸਨ ਜਦੋਂ ਉਨ੍ਹਾਂ ਨੇ ਪਸਾਹ ਖਾਧਾ, ਉਸੇ ਤਰ੍ਹਾਂ ਮਸੀਹੀ ਲੋਕਾਂ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਸੀਂ ਇਸ ਧਰਤੀ ਉੱਤੇ ਪਰਦੇਸੀ ਅਤੇ ਮੁਸਾਫ਼ਰ ਹਾਂ। ਪ੍ਰਭੂ ਭੋਜ ਨੂੰ ਲੈਣ ਦੁਆਰਾ ਯਿਸੂ ਦੀ ਮੌਤ ਨੂੰ ਚੇਤੇ ਕਰਦਿਆਂ ਸਾਨੂੰ ਇਸ ਦੁਨੀਆ ਤੋਂ ਪਰੇ ਵੇਖਣਾ ਚਾਹੀਦਾ ਹੈ ਅਤੇ ਉਸ ਦੀ ਦੂਜੀ ਆਮਦ ਦੀ ਉਡੀਕ ਰੱਖਣੀ ਚਾਹੀਦੀ ਹੈ।

*ਸਿੱਟਾ।* ਸਿਰਫ ਇਸਰਾਏਲੀ ਲੋਕ ਪਸਾਹ ਵਿਚ ਹਿੱਸਾ ਲੈ ਸਕਦੇ ਸਨ। ਇਹ ਅੱਜ ਦੇ ਲੋਕਾਂ ਨੂੰ ਇਹ ਚੇਤੇ ਕਰਾਉਂਦਾ ਹੈ ਕਿ ਪ੍ਰਭੂ ਭੋਜ ਪ੍ਰਭੂ ਦੀ ਕਲੀਸੀਆ ਵਿਚ ਪ੍ਰਭੂ ਦੇ ਲੋਕਾਂ ਦੁਆਰਾ ਪ੍ਰਭੂ ਦੇ ਦਿਨ ਮਨਾਇਆ ਜਾਣਾ ਚਾਹੀਦਾ ਹੈ। ਜੋ ਲੋਕ ਸਾਡੇ ਪਸਾਹ ਦੇ ਲੇਲੇ ਦੁਆਰਾ ਪ੍ਰਦਾਨ ਕੀਤੇ ਗਏ

ਫਾਇਦਿਆਂ ਵਿਚ ਸਾਂਝੀ ਹੋਣਾ ਚਾਹੁੰਦੇ ਹਨ ਅਤੇ ਪ੍ਰਭੂ ਭੋਜ ਵਿਚ ਹਿੱਸਾ ਲੈਣਾ ਚਾਹੁੰਦੇ ਹਨ ਉਨ੍ਹਾਂ ਨੂੰ ਆਤਮਿਕ ਇਸਰਾਏਲ ਅਰਥਾਤ ਪ੍ਰਭੂ ਦੀ ਕਲੀਸੀਆ ਦਾ ਹਿੱਸਾ ਹੋਣਾ ਚਾਹੀਦਾ ਹੈ।

**"ਤਕੜਾ ਹੱਥ!" (13:3, 9, 14, 16)**

ਇਸਰਾਏਲ ਪਰਮੇਸ਼ੁਰ ਦੇ "ਤਕੜੇ ਹੱਥ" ਨਾਲ ਛੁਡਾਇਆ ਗਿਆ ਸੀ। ਵੱਖ-ਵੱਖ ਅਨੁਵਾਦਾਂ ਵਿਚ ਉਸ ਦੇ ਬਲ ਦਾ "ਤਕੜੇ ਹੱਥ" ਦੇ ਰੂਪ ਵਿਚ (NIV), "ਮਜ਼ਬੂਤ ਹੱਥ" ਦੇ ਰੂਪ ਵਿਚ (NRSV), ਜਾਂ "ਬਲ ਵਾਲੇ ਹੱਥ" ਦੇ ਰੂਪ ਵਿਚ (KJV; NRSV) ਵਰਣਨ ਕੀਤਾ ਗਿਆ ਹੈ। ਇਹ ਚਿੱਤਰ ਸਾਨੂੰ ਉਸ ਦੀ ਬੇਮਿਸਾਲ ਤਾਕਤ ਨੂੰ ਸਮਝਣ ਵਿਚ ਸਾਡੀ ਸਹਾਇਤਾ ਕਰਦੇ ਹਨ ਜੋ ਪਰਮੇਸ਼ੁਰ ਆਪਣੇ ਲੋਕਾਂ ਦੀ ਮਦਦ ਕਰਨ ਦੇ ਲਈ ਇਸਤੇਮਾਲ ਕਰਦਾ ਹੈ। ਪਰ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਦਾ ਹੱਥ ਤਬਾਹੀ ਲਈ (ਮਿਸਰ ਦੇ ਵਿਰੁੱਧ) ਨਾਲੇ ਛੁਟਕਾਰੇ ਲਈ (ਇਸਰਾਏਲ ਵਾਸਤੇ) ਤਕੜਾ ਸੀ। ਜਦੋਂ ਅਸੀਂ ਪਰਮੇਸ਼ੁਰ ਦੇ ਹੱਥ ਬਾਰੇ ਇਸਰਾਏਲੀਆਂ ਨੂੰ ਸਜ਼ਾ ਦੇਣ ਦੇ ਬਾਰੇ ਸੋਚਦੇ ਹਾਂ, ਸਾਨੂੰ ਇਬਰਾਨੀਆਂ 10:31 ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਜੋ ਆਖਦੀ ਹੈ, "ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ।"

**ਪਰਮੇਸ਼ੁਰ ਨੂੰ ਅਗਵਾਈ ਕਰਨ ਦੇਣਾ (13:17, 18)**

ਪਰਮੇਸ਼ੁਰ ਨੇ ਇਸਰਾਏਲ ਦੀ ਸੰਤਾਨ ਦੀ ਅਗਵਾਈ ਕੀਤੀ ਸੀ ਅਤੇ ਅੱਜ ਉਹ ਸਾਡੀ ਵੀ ਅਗਵਾਈ ਕਰਨਾ ਚਾਹੁੰਦਾ ਹੈ। ਪਰਮੇਸ਼ੁਰ ਬਹੁਤ ਸਾਰੇ ਵੱਖ-ਵੱਖ ਤਰੀਕਿਆਂ ਨਾਲ ਆਪਣੇ ਲੋਕਾਂ ਦੀ ਅਗਵਾਈ ਕਰਦਾ ਹੈ।

ਪਰਮੇਸ਼ੁਰ ਅਕਸਰ ਚੱਕਰਦਾਰ ਰਸਤੇ ਰਾਹੀਂ ਅਗਵਾਈ ਕਰਦਾ ਹੈ (13:17, 18)। ਸਭ ਤੋਂ ਸੌਖਾ ਰਾਹ ਹਮੇਸ਼ਾ ਉੱਤਮ ਰਾਹ ਨਹੀਂ ਹੁੰਦਾ। ਪਰਮੇਸ਼ੁਰ ਇਸਰਾਏਲੀਆਂ ਨੂੰ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਨੂੰ ਤਿਆਰ ਕਰਨ ਦੇ ਲਈ ਚੱਕਰਦਾਰ ਰਸਤੇ ਰਾਹੀਂ ਲੈ ਕੇ ਗਿਆ।

ਕਈ ਵਾਰ ਪਰਮੇਸ਼ੁਰ ਜਲ ਮਾਰਗ ਦੇ ਰਾਹੀਂ ਸਾਡੀ ਅਗਵਾਈ ਕਰਦਾ ਹੈ (14:8-10)। ਜਲ ਮਾਰਗ ਸਾਨੂੰ ਮਾਰਗ-ਦਰਸ਼ਨ ਅਤੇ ਛੁਟਕਾਰੇ ਦੇ ਲਈ ਪਰਮੇਸ਼ੁਰ ਵੱਲ ਮੁੜਨ ਦੇ ਲਈ ਮਜਬੂਰ ਕਰਦੇ ਹਨ। ਜਿਵੇਂ ਕਿ ਗੀਤ ਆਖਦਾ ਹੈ, "ਪਰਮੇਸ਼ੁਰ ਤੋਂ ਇਲਾਵਾ ਮੈਂ ਕਿੱਥੇ ਜਾ ਸਕਦਾ ਹਾਂ?"

ਪਰਮੇਸ਼ੁਰ ਸੁੱਕੀ ਥਾਂ ਦੇ ਰਾਹ ਥਾਣੀਂ ਸਾਡੀ ਅਗਵਾਈ ਕਰਦਾ ਹੈ (15:22-27)। ਪਰਮੇਸ਼ੁਰ ਨੇ ਮੂਸਾ ਅਤੇ ਇਸਰਾਏਲ ਨੂੰ ਪਰਤਾਇਆ ਕਿ ਉਹ ਉਸ ਤੇ ਭਰੋਸਾ ਵੀ ਕਰਦੇ ਸਨ ਜਾਂ ਨਹੀਂ। ਪਰਮੇਸ਼ੁਰ ਅੱਜ ਸਾਨੂੰ ਵੀ ਪਰਤਾਉਣ ਦੇ ਲਈ ਖੁਸ਼ਕ ਥਾਵਾਂ ਦੀ ਵਰਤੋਂ ਕਰਦਾ ਹੈ।

ਜਦੋਂ ਅਸੀਂ ਪਰਮੇਸ਼ੁਰ ਦੀ ਅਗਵਾਈ ਤੇ ਸਵਾਲ ਉਠਾਉਣਾ ਸ਼ੁਰੂ ਕਰਦੇ ਹਾਂ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਭ ਕੁਝ ਉਸ ਦੇ ਹੱਥ ਵੱਸ ਹੈ ਅਤੇ ਸਾਡਾ ਪਿਤਾ ਬਿਹਤਰ ਜਾਣਦਾ ਹੈ (ਬਿਵਸਥਾ ਸਾਰ 8:2)। ਪਰਮੇਸ਼ੁਰ ਰਾਹ ਬਣਾਉਣ ਵਾਲਾ ਹੈ (ਯੂਹੰਨਾ 14:6), ਪਹਾੜ ਨੂੰ ਹਟਾਉਣ ਵਾਲਾ ਹੈ (ਮੱਤੀ 17:20), ਮੁਸ਼ਕਲ ਨੂੰ ਹੱਲ ਕਰਨ ਵਾਲਾ ਅਤੇ ਬੋਝ ਨੂੰ ਹਲਕਾ ਕਰਨ ਵਾਲਾ ਹੈ (1 ਪਤਰਸ 5:7)।[13]

**ਵਾਅਦਿਆਂ ਨੂੰ ਪੂਰਾ ਕਰਨਾ (13:19)**

ਮੂਸਾ ਨੇ ਯੂਸੁਫ਼ ਦੀਆਂ ਹੱਡੀਆਂ ਨੂੰ ਵਾਅਦੇ ਦੇ ਦੇਸ ਵਿਚ ਦਫ਼ਨਾਉਣ ਦੇ ਲਈ ਉਸ ਦੀਆਂ ਹੱਡੀਆਂ ਨੂੰ ਮਿਸਰ ਵਿੱਚੋਂ ਲਿਜਾ ਕੇ ਯੂਸੁਫ਼ ਦੁਆਰਾ ਇਸਰਾਏਲੀਆਂ ਨੂੰ ਦਿੱਤੇ ਗਏ ਵਾਅਦੇ ਨੂੰ ਪੂਰਾ ਕੀਤਾ (13:19)। ਪਰਮੇਸ਼ੁਰ ਨੇ ਇਸਰਾਏਲ ਨੂੰ ਮਿਸਰ ਵਿੱਚੋਂ ਕੱਢ ਕੇ ਕਨਾਨ ਦੇਸ ਵਿਚ ਲੈ ਕੇ

ਜਾਣ ਦੇ ਆਪਣੇ ਵਾਅਦੇ ਨੂੰ ਪੂਰਾ ਕੀਤਾ' "ਪਰਮੇਸ਼ੁਰ ਵਫ਼ਾਦਾਰ ਹੈ"; ਉਹ ਹਮੇਸ਼ਾ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ (1 ਕੁਰਿੰਥੀਆਂ 10:13; 2 ਪਤਰਸ 3:9)। ਮਸੀਹੀ ਲੋਕਾਂ ਨੂੰ ਈਮਾਨਦਾਰ (ਖਰੇ) ਲੋਕ ਬਣਨਾ ਚਾਹੀਦਾ ਹੈ ਜਿਹੜੇ ਹਮੇਸ਼ਾ ਆਪਣੇ ਵਾਅਦਿਆਂ ਨੂੰ ਪੂਰਾ ਕਰਦੇ ਹਨ (ਮੱਤੀ 5:37)।

---

ਟਿੱਪਣੀਆਂ

[1]ਸੁੱਕੋਥ ਨੂੰ ਇਸ ਪਰਕਾਸ਼ ਦੀ ਥਾਂ ਸਮਝਿਆ ਗਿਆ ਸੀ। ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 382; ਵਿਲਬੁਰ ਫੀਲਡਸ, *ਇਕਸਪਲੋਰਿੰਗ ਐਕਸਡਸ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਸੁਰੀ: ਕਾਲਜ ਪ੍ਰੈਸ, 1976), 277. [2]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, *ਦ ਬਰਾਊਨ-ਡਰਾਈਵਰ-ਬਰਿੱਗਸ ਹਿਬਰੂ ਐਂਡ ਇੰਗਲਿਸ਼ ਲੈਕਸੀਕਨ* (ਬੋਸਟਨ: ਹਫਟਨ, ਮਿਫਲਿਨ ਅਤੇ ਕੰਪਨੀ, 1906; ਦੂਜੀ ਛਾਪ, ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 1997), 1. [3]ਵਧੇਰੇ ਜਾਣਕਾਰੀ ਦੇ ਲਈ, ਰੋਜਰ ਐਲ. ਓਮਾਨਸਨ, "ਫਿਲੈਕਟਰੀ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1986), 3:864-65 ਵੇਖੋ। [4]ਆਰ. ਐਲਨ ਕੋਲ ਨੇ ਉਨ੍ਹਾਂ ਦੇ ਬਾਰੇ "ਸ਼ੁੱਧ ਰੂਪਕ" ਵਜੋਂ ਗੱਲ ਕੀਤੀ ਸੀ। (ਆਰ. ਐਲਨ ਕੋਲ, *ਐਕਸਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973], 114.) [5]ਜੌਨ ਆਈ. ਡਰਹਮ ਨੇ ਇਸ ਨਿਯਮ ਦੀ ਇਕ ਵੱਖਰੀ ਵਿਆਖਿਆ ਪੇਸ਼ ਕੀਤੀ ਸੀ। ਉਸ ਨੇ ਜ਼ੋਰ ਦਿੱਤਾ ਸੀ ਕਿ "ਕੋਈ ਠੋਸ ਪ੍ਰਮਾਣ [ਪੁਰਾਣੇ ਨੇਮ ਵਿਚ] ਨਹੀਂ ਹੈ (ਵੇਖੋ ਲੇਵੀਆਂ 11:1-8) ਕਿ ਖੋਤੇ ਨੂੰ ਅਸ਼ੁੱਧ ਸਮਝਿਆ ਗਿਆ ਸੀ - ਇਹ ਭਾਰ ਚੁੱਕਣ ਵਾਲਾ ਇਕ ਮਹੱਤਵਪੂਰਣ ਜਾਨਵਰ ਸੀ (ਵੇਖੋ ਕੂਚ 9:3)।" ਇਸ ਦੇ ਵਿਹਾਰਕ ਮਹੱਤਵ ਕਾਰਣ, ਇਸ ਨੂੰ ਆਇਤ 12 ਵਿਚ ਦੱਸੇ ਗਏ ਸਧਾਰਣ ਨਿਯਮ ਤੋਂ ਛੋਟ ਦਿੱਤੀ ਗਈ ਸੀ। (ਜੌਨ ਆਈ. ਡਰਹਮ, *ਐਕਸਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 [ਵਾਕੋ, ਟੈਕਸਾਸ: ਵਰਡ ਬੁਕਸ, 1987], 179.) ਫਿਰ ਵੀ, ਜਦ ਕਿ ਖੋਤਾ ਇਸਰਾਏਲੀਆਂ ਦੇ ਲਈ ਬਹੁਤ ਹੀ ਜ਼ਿਆਦਾ ਕੀਮਤੀ ਸੰਪਤੀ ਸੀ (20:17), ਇਹ ਸਪੱਸ਼ਟ ਤੌਰ ਤੇ ਅਸ਼ੁੱਧ ਡੰਗਰਾਂ ਦੀ ਸ਼ਰੇਣੀ ਵਿਚ ਆਉਂਦਾ ਸੀ ਕਿਉਂਕਿ ਇਸ ਦਾ ਖੁਰ ਪਾਟਾ ਹੋਇਆ ਨਹੀਂ ਸੀ (ਵੇਖੋ ਲੇਵੀਆਂ 11:3-7; ਬਿਵਸਥਾ ਸਾਰ 14:3-8)। [6]ਅੱਗੇ ਚੱਲੇ ਕੇ ਇਤਿਹਾਸ ਵਿਚ, ਇਸਰਾਏਲੀ ਲੋਕ ਇਸ ਘਿਣਾਉਣੀ ਰੀਤ ਵਿਚ ਸ਼ਾਮਲ ਹੋਏ (2 ਰਾਜਿਆਂ 16:3; 17:31; 21:6; ਹਿਜ਼ਕੀਏਲ 16:20, 21; ਵੇਖੋ 2 ਰਾਜਿਆਂ 3:27)। ਇਸੇ ਕਾਰਨ, ਉਨ੍ਹਾਂ ਨੂੰ ਨਬੀਆਂ ਦੁਆਰਾ ਬੁਰੀ ਤਰ੍ਹਾਂ ਤਾੜਨਾ ਵੀ ਦਿੱਤੀ ਗਈ ਸੀ (ਯਸਾਯਾਹ 57:4, 5; ਯਿਰਮਿਯਾਹ 7:30-34; 19:4-9; ਹਿਜ਼ਕੀਏਲ 16:20, 21)। [7]ਨਾਹੂਮ ਐਮ. ਸਰਨਾ, *ਇਕਸਪਲੋਰਿੰਗ ਐਕਸਡਸ: ਦਿ ਓਰੀਜਿਨਸ ਆਫ਼ ਬਿਬਲੀਕਲ ਇਜਰਾਏਲ* (ਨਿਊ ਯਾਰਕ: ਸ਼ੋਕਨ ਬੁਕਸ, 1996), 105. [8]ਇਕ ਹੋਰ ਸੰਭਵ ਦੁਸ਼ਮਣ ਮਿਸਰੀ ਸਿਪਾਹੀ ਹੋਣਗੇ ਜਿਹੜੇ ਇਸ ਮਹੱਤਵਪੂਰਣ ਮਾਰਗ ਤੇ ਫੌਜਾਂ ਵਿਚ ਤੈਨਾਤ ਸਨ। [9]ਇਹੀ ਦਲੀਲ ਉਤਪਤ 14:14 ਵਿਚ "ਦਾਨ" ਦੇ ਸੰਦਰਭ ਵਿਚ ਦਿੱਤੀ ਗਈ ਸੀ। ਇਹ ਨਗਰ ਉਸ ਨਾਮ ਤੋਂ ਜਾਣਿਆ ਜਾਂਦਾ ਸੀ ਜਦੋਂ ਤੱਕ ਇਹ ਬਾਅਦ ਵਿਚ ਨਿਆਈਆਂ ਦੇ ਸਮੇਂ ਦਾਨੀਆਂ ਦੁਆਰਾ ਫਤਹਿ ਨਹੀਂ ਸੀ ਕੀਤਾ ਗਿਆ (ਨਿਆਈਆਂ 18:29)। [10]ਕੇਸਰ, 385.

[11]ਡਰਹਮ, 185. [12]ਜੌਨ ਡੀ. ਡੇਵਿਸ ਦੀ ਪੁਸਤਕ *ਏ ਡਿਕਸ਼ਨਰੀ ਆਫ਼ ਦ ਬਾਈਬਲ*, ਚੌਥਾ ਸੋਧਿਆ ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1957) ਵਿਚ ਸਫ਼ਾ 572 ਤੇ "ਪਸਾਹ" ਹੈ। [13]ਮੈਲਵਿਨ ਵਾਈਟਲੌਕ ਦੁਆਰਾ ਸੰਨ 2000 ਵਿਚ ਹੈਰੀਟੇਜ ਕ੍ਰਿਸਚਨ ਯੂਨੀਵਰਸਿਟੀ (ਫਲੋਰੈਂਸ, ਆਲਾਬਾਮਾ) ਚੈਪਲ ਵਿਚ ਦਿੱਤਾ ਗਿਆ ਉਪਦੇਸ਼।